www.prepp.in

Prepp
Your Personal Exams Guide

Language Code : **15**

इस पुस्तिका में **16** मुद्रित पृष्ठ हैं।
This booklet contains **16** Printed pages.

# SAS-24-II

**प्रश्न-पत्र-II / PAPER-II**
**पंजाबी भाषा परिशिष्ट**
**Punjabi Language Supplement**
**भाग-IV & V / PART-IV & V**

**मुख्य परीक्षा पुस्तिका संख्या / Main Test Booklet No.**

**मुख्य परीक्षा पुस्तिका कोड / Main Test Booklet Code**

**P**

**इस परीक्षा पुस्तिका को तब तक न खोलें जब तक कहा न जाए।**
**Do not open this Test Booklet until you are asked to do so.**
**इस परीक्षा पुस्तिका के पिछले आवरण (पृष्ठ 15 व 16) पर दिए निर्देशों को ध्यान से पढ़ें।**
**Read carefully the Instructions on the Back Cover (Page 15 & 16) of this Test Booklet.**

**पंजाबी में निर्देशों के लिए इस पुस्तिका का पृष्ठ 2 देखें। / FOR INSTRUCTIONS IN PUNJABI SEE PAGE 2 OF THIS BOOKLET.**

## परीक्षार्थियों के लिए निर्देश

1. यह पुस्तिका मुख्य परीक्षा पुस्तिका की एक परिशिष्ट है, उन परीक्षार्थियों के लिए जो **या** तो भाग IV (भाषा I) **या** भाग V (भाषा II) **पंजाबी** भाषा में देना चाहते हैं, लेकिन **दोनों नहीं**।
2. परीक्षार्थी भाग I एवं भाग II **या** III के उत्तर मुख्य परीक्षा पुस्तिका से दें और भाग IV व V के उत्तर उनके द्वारा चुनी भाषाओं से।
3. अंग्रेज़ी व हिन्दी भाषा पर प्रश्न मुख्य परीक्षा पुस्तिका में भाग IV व भाग V के अन्तर्गत दिए गए हैं। भाषा परिशिष्टों को आप अलग से माँग सकते हैं।
4. इस पृष्ठ पर विवरण अंकित करने एवं उत्तर पत्र पर निशान लगाने के लिए **केवल काले/नीले बॉल पॉइंट पेन** का प्रयोग करें।
5. इस भाषा पुस्तिका का **संकेत** है **P**। यह सुनिश्चित कर लें कि इस भाषा परिशिष्ट पुस्तिका का संकेत, उत्तर पत्र के **पृष्ठ-2** एवं मुख्य परीक्षा पुस्तिका पर छपे संकेत से मिलता है। अगर यह भिन्न हो, तो परीक्षार्थी दूसरी भाषा परिशिष्ट परीक्षा पुस्तिका लेने के लिए निरीक्षक को तुरन्त अवगत कराएँ।
6. इस परीक्षा पुस्तिका में **दो** भाग IV और V हैं, जिनमें **60** वस्तुनिष्ठ प्रश्न हैं, जो प्रत्येक 1 अंक का है :
   भाग-IV : भाषा-I (पंजाबी) (प्र. 91 से प्र. 120)
   भाग-V : भाषा-II (पंजाबी) (प्र. 121 से प्र. 150)
7. भाग-IV में भाषा-I के लिए 30 प्रश्न और भाग-V में भाषा-II के लिए 30 प्रश्न दिए गए हैं। इस परीक्षा पुस्तिका में केवल पंजाबी भाषा से संबंधित प्रश्न दिए गए हैं। **यदि भाषा-I और/या भाषा-II में आपके द्वारा चुनी गई भाषा(एँ) पंजाबी के अलावा है तो कृपया उस भाषा वाली परीक्षा पुस्तिका माँग लीजिए। जिन भाषाओं के प्रश्नों के उत्तर आप दे रहे हैं वह आवेदन पत्र में चुनी गई भाषाओं से अवश्य मेल खानी चाहिए।**
8. **परीक्षार्थी भाग-V (भाषा-II) के लिए, भाषा सूची से ऐसी भाषा चुनें जो उनके द्वारा भाषा-I (भाग-IV) में चुनी गई भाषा से भिन्न हो।**
9. रफ कार्य परीक्षा पुस्तिका में इस प्रयोजन के लिए दी गई खाली जगह पर ही करें।
10. सभी उत्तर केवल OMR उत्तर पत्र पर ही अंकित करें। अपने उत्तर ध्यानपूर्वक अंकित करें। उत्तर बदलने हेतु श्वेत रंजक का प्रयोग निषिद्ध है।

## INSTRUCTIONS FOR CANDIDATES

1. This booklet is a supplement to the Main Test Booklet for those candidates who wish to answer **EITHER** Part IV (Language I) **OR** Part V (Language II) in **PUNJABI** language, but **NOT BOTH**.
2. Candidates are required to answer Part I and Part II **OR** III from the Main Test Booklet and Parts IV and V from the languages chosen by them.
3. Questions on English and Hindi languages for Part IV and Part V have been given in the Main Test Booklet. Language Supplements can be asked for separately.
4. Use **Black/Blue Ball Point Pen only** for writing particulars on this page/marking responses in the Answer Sheet.
5. The CODE for this Language Booklet is **P**. Make sure that the CODE printed on **Side-2** of the Answer Sheet and on your Main Test Booklet is the same as that on this Language Supplement Test Booklet. In case of discrepancy, the candidate should immediately report the matter to the Invigilator for replacement of the Language Supplement Test Booklet.
6. This Test Booklet has **two** Parts, IV and V, consisting of **60** Objective Type Questions, each carrying 1 mark :
   Part-IV : Language-I (Punjabi) (Q. 91 to Q. 120)
   Part-V : Language-II (Punjabi) (Q. 121 to Q. 150)
7. Part-IV contains 30 questions for Language-I and Part-V contains 30 questions for Language-II. In this Test Booklet, only questions pertaining to Punjabi language have been given. **In case the language/s you have opted for as Language-I and/or Language-II is a Language other than Punjabi, please ask for a Test Booklet that contains questions on that language. The language being answered must tally with the languages opted for in your Application Form.**
8. **Candidates are required to attempt questions in Part-V (Language-II) in a language other than the one chosen as Language-I (in Part-IV) from the list of languages.**
9. Rough work should be done only in the space provided in the Test Booklet for the same.
10. The answers are to be recorded on the OMR Answer Sheet only. Mark your responses carefully. No whitener is allowed for changing answers.

परीक्षार्थी का नाम (बड़े अक्षरों में) : ______
Name of the Candidate (in Capitals) :

अनुक्रमांक : (अंकों में) / Roll Number : in figures ______
: शब्दों में / in words ______

परीक्षा केन्द्र (बड़े अक्षरों में) : ______
Centre of Examination (in Capitals) :

परीक्षार्थी के हस्ताक्षर : ______ निरीक्षक के हस्ताक्षर : ______
Candidate's Signature : Invigilator's Signature :

Facsimile Signature Stamp of
Centre Superintendent : ______

www.prepp.in

Language Code : **15**

ਇਸ ਪੁਸਤਿਕਾ ਵਿੱਚ 16 ਪੰਨੇ ਹਨ।

# SAS-24-II

**ਪੇਪਰ-II**

**ਪੰਜਾਬੀ ਭਾਸ਼ਾ ਪੂਰਕ**

**ਭਾਗ IV & V**

ਪਰੀਖਿਆ ਪੁਸਤਿਕਾ ਸੰਕੇਤ

**P**

**ਇਸ ਪਰੀਖਿਆ-ਪੁਸਤਿਕਾ ਨੂੰ ਉਦੋਂ ਤੱਕ ਨਾ ਖੋਲ੍ਹੋ ਜਦੋਂ ਤੱਕ ਕਿਹਾ ਨਾ ਜਾਵੇ।**
**ਇਸ ਪਰੀਖਿਆ-ਪੁਸਤਿਕਾ ਦੇ ਪਿੱਛਲੇ ਪੰਨੇ (15 & 16) 'ਤੇ ਦਿੱਤੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ।**

**ਪਰੀਖਿਆਰਥੀਆਂ ਲਈ ਨਿਰਦੇਸ਼ :**

1. ਇਹ ਪੁਸਤਿਕਾ ਮੁੱਖ ਪ੍ਰਸ਼ਨ-ਪੁਸਤਿਕਾ ਦੀ ਇੱਕ ਪੂਰਕ ਹੈ, ਉਨ੍ਹਾਂ ਵਿਦਿਆਰਥੀਆਂ ਲਈ ਜੋ ਜਾਂ ਤਾਂ ਭਾਗ IV (ਭਾਸ਼ਾ I) ਜਾਂ ਭਾਗ V (ਭਾਸ਼ਾ II) ਪੰਜਾਬੀ ਭਾਸ਼ਾ ਵਿੱਚ ਦੇਣਾ ਚਾਹੁੰਦੇ ਹਨ ਪਰ ਦੋਨਾਂ ਵਿੱਚ ਨਹੀਂ।
2. ਪਰੀਖਿਆਰਥੀ ਭਾਗ I, II, III ਦੇ ਉੱਤਰ ਮੁੱਖ ਪਰੀਖਿਆ-ਪੁਸਤਿਕਾ ਵਿੱਚੋਂ ਦੇਣ ਅਤੇ ਭਾਗ IV ਅਤੇ V ਦੇ ਉੱਤਰ ਉਨ੍ਹਾਂ ਦੁਆਰਾ ਚੁਣੀਆਂ ਭਾਸ਼ਾਵਾਂ ਵਿੱਚੋਂ।
3. ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ਉੱਤੇ ਦਿੱਤੇ ਪ੍ਰਸ਼ਨ ਮੁੱਖ ਪਰੀਖਿਆ-ਪੁਸਤਿਕਾ ਵਿੱਚ ਭਾਗ IV ਅਤੇ ਭਾਗ V ਵਿੱਚ ਦਿੱਤੇ ਗਏ ਹਨ। ਪੂਰਕ ਭਾਸ਼ਾ ਲਈ ਤੁਸੀ ਅਲਗ ਤੋਂ ਮੰਗ ਸਕਦੇ ਹੋਂ।
4. ਇਸ ਪੰਨੇ ਉੱਤੇ ਵਿਵਰਨ ਦੇਣ ਲਈ ਅਤੇ ਓੱਤਰ-ਪੱਤਰ ਤੇ ਨਿਸ਼ਾਨ ਲਗਾਉਣ **ਲਈ ਕੇਵਲ ਕਾਲਾ/ਨੀਲੇ ਬਾਲ ਪੁਆਇੰਟ ਪੈੱਨ** ਦਾ ਹੀ ਇਸੇਤੇਮਾਲ ਕਰੋ।
5. ਇਸ ਭਾਸ਼ਾ-ਪੁਸਤਿਕਾ ਦਾ ਸੰਕੇਤ ਹੈ **P**. ਇਹ ਗੱਲ ਨਿਸ਼ਚਿਤ ਕਰ ਲਓ ਕਿ ਇਸ ਪੂਰਕ ਭਾਸ਼ਾ-ਪੁਸਤਿਕਾ ਦਾ ਸੰਕੇਤ, ਉੱਤਰ-ਪੱਤਰ ਦੇ ਪੰਨਾ-2 ਅਤੇ ਮੁੱਖ ਪਰੀਖਿਆ-ਪੁਸਤਿਕਾ ਉੱਤੇ ਛਪੇ ਸੰਕੇਤ ਨਾਲ ਮਿਲਦਾ ਹੈ। ਜੇ ਕਿਤੇ ਕੋਈ ਫ਼ਰਕ ਹੈ ਤਾਂ ਪਰੀਖਿਆਰਥੀ ਪੂਰਕ-ਭਾਸ਼ਾ ਦੀ ਦੂਜੀ ਪਰੀਖਿਆ-ਪੁਸਤਿਕਾ ਲੈਣ ਲਈ ਤੁਰੰਤ ਨਿਰੀਖਿਅਕ ਨੂੰ ਸੂਚਿਤ ਕਰੋ ।
6. ਇਸ ਪਰੀਖਿਆ-ਪੁਸਤਿਕਾ ਵਿੱਚ ਦੋ ਭਾਗ IV ਅਤੇ V ਹਨ, ਜਿਸ ਵਿੱਚ 60 ਵਸਤੂਪਰਕ ਪ੍ਰਸ਼ਨ ਹਨ, ਹਰੇਕ ਲਈ 1 (ਇੱਕ) ਅੰਕ ਹੈ:
   ਭਾਗ IV : ਭਾਸ਼ਾ I – (ਪੰਜਾਬੀ) (ਪ੍ਰ. 91 ਤੋਂ ਪ੍ਰ. 120)
   ਭਾਗ V : ਭਾਸ਼ਾ II – (ਪੰਜਾਬੀ) (ਪ੍ਰ. 121 ਤੋਂ ਪ੍ਰ. 150)
7. ਭਾਗ IV ਵਿੱਚ ਭਾਸ਼ਾ I ਵਾਸਤੇ 30 ਪ੍ਰਸ਼ਨ ਅਤੇ ਭਾਗ V ਵਿੱਚ ਭਾਸ਼ਾ II ਲਈ ਵੀ 30 ਪ੍ਰਸ਼ਨ ਦਿੱਤੇ ਗਏ ਹਨ। ਇਸ ਪਰੀਖਿਆਂ-ਪੁਸਤਿਕਾ ਵਿੱਚ ਕੇਵਲ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਪ੍ਰਸ਼ਨ ਦਿੱਤੇ ਗਏ ਹਨ। **ਅਗਰ ਭਾਸ਼ਾ I ਅਤੇ/ਜਾਂ II ਵਿੱਚ ਤੁਹਾਡੇ ਦੁਆਰਾ ਚੁਣੀ ਗਈ ਭਾਸ਼ਾ (ਵਾਂ) ਪੰਜਾਬੀ ਤੋਂ ਇਲਾਵਾ ਹੈ ਤਾਂ ਕਿਰਪਾ ਕਰਕੇ ਆਪਣੀ ਚੁਣੀ ਭਾਸ਼ਾ ਵਾਲੀ ਪਰੀਖਿਆ-ਪੁਸਤਿਕਾ ਮੰਗ ਲਓ । ਜਿਨ੍ਹਾਂ ਭਾਸ਼ਾਵਾਂ ਦੇ ਪ੍ਰਸ਼ਨਾ ਦੇ ਉੱਤਰ ਤੁਸੀਂ ਦੇ ਰਹੇ ਹੋ, ਉਹ ਤੁਹਾਡੇ ਆਵੇਦਨ ਪੱਤਰ ਵਿੱਚ ਚੁਣੀਆਂ ਗਈਆਂ ਭਾਸ਼ਾਵਾਂ ਹੀ ਹੋਣੀਆਂ ਚਾਹੀਦੀਆਂ ਹਨ।**
8. **ਪਰੀਖਿਆਰਥੀ ਭਾਗ V (ਭਾਸ਼ਾ II) ਲਈ, ਭਾਸ਼ਾ ਸੂਚੀ ਵਿੱਚੋਂ ਅਜਿਹੀ ਭਾਸ਼ਾ ਚੁਣੋ ਜੋ ਉਨ੍ਹਾਂ ਦੁਆਰਾ ਚੁਣੀ ਭਾਸ਼ਾ I (ਭਾਗ IV) ਵਿੱਚ ਚੁਣੀ ਗਈ ਭਾਸ਼ਾ ਤੋਂ ਵੱਖਰੀ ਹੋਵੇ।**
9. ਪ੍ਰਸ਼ਨ-ਪੁਸਤਿਕਾ ਵਿੱਚ ਦਿੱਤੇ ਗਏ ਕੱਚੇ ਕੰਮ ਲਈ ਖਾਲੀ ਥਾਂ ਵਿੱਚ ਹੀ ਕੱਚਾ ਕੰਮ ਕਰੋ।
10. ਸਾਰੇ ਉੱਤਰ ਕੇਵਲ ਓ.ਐੱਮ, ਆਰ. (OMR) ਉੱਤਰ ਪੱਤਰ ਉੱਤੇ ਹੀ ਕੀਤੇ ਜਾਣ। ਆਪਣੇ ਉੱਤਰਾਂ ਤੇ ਧਿਆਨ ਨਾਲ ਨਿਸ਼ਾਨ ਲਗਾਓ। ਉੱਤਰ ਬਦਲਣ ਲਈ ਸਫ਼ੇਦ ਸਿਆਹੀ ਦੀ ਵਰਤੋਂ ਵਰਜਿਤ ਹੈ।

ਪਰੀਖਿਆਰਥੀ ਦਾ ਨਾਂ (ਵੱਡੇ ਅਖਰਾਂ ਵਿੱਚ) : ______________________

ਰੋਲ ਨੰਬਰ : ਅੰਕਾ ਵਿੱਚ ______________________

: ਸ਼ਬਦਾਂ ਵਿੱਚ ______________________

ਪਰੀਖਿਆ ਕੇਂਦਰ (ਵੱਡੇ ਅਖਰਾਂ ਵਿੱਚ): ______________________

ਪਰੀਖਿਆਰਥੀ ਦੇ ਦਸਖ਼ਤ : ______________ ਨਿਰੀਖਿਅਕ ਦੇ ਦਸਖ਼ਤ : ______________

Facsimile signature stamp of
Centre Superintendent : ______________________

ਉਮੀਦਵਾਰ **ਭਾਗ–IV** ਦੇ ਪ੍ਰਸ਼ਨ **(ਪ੍ਰ.ਨੰ. 91-120)** ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ–I** ਚੋਣ ਕੀਤੀ ਹੈ।

Candidates should attempt the questions from **Part-IV (Q.No. 91-120)**, if they have opted **PUNJABI** as **Language-I** only.

Prepp
Your Personal Exams Guide

## PART-IV

## LANGUAGE-I

## PUNJABI

ਉਮੀਦਵਾਰ **ਭਾਗ-IV** ਦੇ ਪ੍ਰਸ਼ਨ **(ਪ੍ਰ.ਨੰ. 91-120)** ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ-I** ਚੋਣ ਕੀਤੀ ਹੈ।

**ਨਿਰਦੇਸ਼ : ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾ (91-99) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਉ :**

ਧੀ ਧਿਆਣੀ ਘਰ ਵਿੱਚ ਗਊ ਸਮਾਨ ਹੁੰਦੀ ਹੈ। ਉਹ ਮੂੰਹ ਫਾੜ ਕੇ ਕਦੇ ਵੀ ਆਪਣੇ ਵਿਆਹ ਦੀ ਗੱਲ ਨਹੀਂ ਤੋਰਦੀ। ਪਰ ਇਸਦਾ ਇਹ ਮਤਲਬ ਹਰਗਿਜ਼ ਨਹੀਂ ਕਿ ਧੀ ਦੇ ਮਨ ਵਿੱਚ 'ਲਾਲਸਾਵਾਂ' ਜਾਂ 'ਵਾਸ਼ਨਾਵਾਂ' ਕਦੇ ਪੈਦਾ ਹੀ ਨਹੀ ਹੁੰਦੀਆਂ। ਪਰ ਮਨੁੱਖ ਜਾਤੀ ਦੇ ਲੋਕ ਅਕਸਰ ਸਦਾਚਾਰਕ ਕਦਰਾਂ ਸਦਕਾ ਜਾਂ ਪਰਿਵਾਰਕ ਸੰਸਕਾਰਾਂ ਸਦਕਾ ਇਸ ਕਾਮ-ਭੁੱਖ ਉੱਤੇ ਕੰਟਰੋਲ ਕਰਨ ਦੀ ਸਮਰੱਥਾ ਰੱਖਦੇ ਹਨ। ਮਨੁੱਖ ਅਤੇ ਪਸ਼ੂ ਵਿਚਕਾਰ ਇਹੋ ਵੱਡਾ ਅੰਤਰ ਹੈ ਕਿ ਮਨੁੱਖ ਕਦੇ ਵੀ ਆਪਣੀਆਂ ਵਾਸ਼ਨਾਵਾਂ ਅੱਗੇ ਹਾਰ ਨਹੀ ਮੰਨਦਾ। ਇਹ ਵੱਖਰੀ ਗੱਲ ਹੈ ਕਿ ਅਜਿਹੇ ਭਾਵ ਕਦੇ ਕਦਾਈ ਲੋਕ-ਗੀਤਾਂ ਵਿੱਚ ਮੂੰਹ ਜੋਰ ਹੋ ਕੇ ਆਖ ਦਿੰਦੇ ਹਨ ਕਿ 'ਮੈਨੂੰ ਵਿਆਹ ਦੇ ਬਾਬਲਾ ਵੇ, ਮੈਂ ਕੋਠੇ ਜਿੱਡੀ ਹੋਈ'। ਘਰ ਧੀ ਮੁਟਿਆਰ ਹੋਵੇ ਤਾਂ ਬਾਬਲ, ਅੰਮੜੀ, ਚਾਚੇ, ਤਾਏ, ਭਰਾ, ਨਾਨੇ, ਮਾਮੇ ਚਿੰਤਾਤੁਰ ਹੋ ਜਾਂਦੇ ਹਨ। ਲੋਕ-ਲਾਜ ਅਤੇ ਖੁਨਾਮੀ ਦਾ ਡਰ ਸਮੁੱਚੀ ਬਰਾਦਰੀ ਨੂੰ 'ਧੀ' ਦਾ 'ਕਾਜ' ਰਚਾਉਣ ਲਈ ਬੇਬਸ ਕਰ ਦਿੰਦੇ ਹਨ।

ਉਂਜ ਤਾਂ ਪੁਰਾਤਨ ਸਮੇਂ ਦਾ ਸਮਾਜ ਧੀ ਨੂੰ ਉਸਦੇ 'ਵਰ' ਬਾਰੇ ਕਦੇ ਵੀ ਵਿਸ਼ਵਾਸ਼ ਵਿੱਚ ਨਹੀਂ ਸੀ ਲੈਂਦਾ, ਪਰ 'ਸੁਹਾਗ' ਗੀਤਾਂ ਅੰਦਰ ਕਿਤੇ ਕਿਤੇ ਅਜਿਹੀ ਪੁੱਛ ਪੜਤਾਲ ਦਾ ਸੰਕੇਤ ਪ੍ਰਾਪਤ ਹੋ ਜਾਂਦਾ ਹੈ। 'ਚੰਨਣ ਦੇ ਓਹਲੇ, ਖੜੀ ਬੇਟੀ ਬਾਬਲ ਕੋਲੋਂ', 'ਤਾਰਿਆਂ ਵਿੱਚੋਂ ਚੰਨ', 'ਚੰਨਾਂ ਵਿੱਚੋਂ ਕਾਹਨ' ਆਰਥਾਤ 'ਕਨ੍ਹੱਈਆ ਵਰ' ਦੀ ਲੋਚਾ ਕਰਦੀ ਹੈ। ਸਾਡੀ ਲੋਕ-ਮਾਨਸਿਕਤਾ ਵਿੱਚ 'ਰਾਮ' ਅਤੇ 'ਸ਼ਾਮ' ਪੂਰਨ ਮਨੁੱਖਤਾ ਦੇ ਦੋ ਪ੍ਰਤੀਕਾਤਮਕ ਕਿਰਦਾਰ ਸਮਾਏ ਹੋਏ ਹਨ। ਪੁੱਤਰ ਰਾਮ ਵਰਗਾ ਤੇ ਪਤੀ ਸ਼ਾਮ ਵਰਗਾ ਅਕਸਰ ਲੋਚਾ ਦਾ ਭਾਗ ਬਣੇ ਹਨ ।ਕ੍ਰਿਸ਼ਨ ਦਾ ਕਿਰਦਾਰ ਸੋਲ੍ਹਾਂ ਕਲਾਂ ਸੰਪੂਰਨ ਪੁਰਸ਼ ਦਾ ਕਿਰਦਾਰ ਹੈ। ਕ੍ਰਿਸ਼ਨ ਕਨ੍ਹੱਈਆ ਨੀਤੀਵਾਨ, ਬਹਾਦਰ ਯੋਧਾ, ਦੂਰ ਅੰਦੇਸ਼, ਚੰਚਲ, ਸਖਾ ਅਤੇ ਮੁਕੰਮਲ ਮਰਦਾਨਗੀ ਦੇ ਗੁਣਾਂ ਦਾ ਧਾਰਨੀ ਹੈ ।

**91.** ਧੀ ਕਿਹੋ ਜਿਹੇ ਵਰ ਦੀ ਲੋਚਾ ਨਹੀਂ ਰੱਖਦੀ?
(1) ਕਨ੍ਹਈਆ (2) ਚੰਨ (3) ਸੂਰਜ (4) ਕਾਹਨ

**92.** ਹੇਠ ਲਿਖਿਆ ਵਿੱਚੋਂ ਸਮਾਸੀ ਸ਼ਬਦ ਚੁਣੋ :
(1) ਰਾਮ-ਵਰਗਾ (2) ਲੋਕ-ਗੀਤ (3) ਕੰਟਰੋਲ-ਕਰਨ (4) ਪੁਰਾਤਨ-ਸਮੇਂ

**93.** ਪੈਰੇ ਵਿੱਚ ਸੋਲਾਂ ਕਲਾਵਾਂ ਦਾ ਧਾਰਨੀ ਕਿਸ ਨੂੰ ਕਿਹਾ ਗਿਆ ਹੈ?
(1) ਕ੍ਰਿਸ਼ਨ (2) ਚਾਚਾ (3) ਤਾਇਆ (4) ਨਾਨਾ

**94.** 'ਸੁਹਾਗ' ਕਦੋਂ ਗਾਏ ਜਾਂਦੇ ਹਨ?
(1) ਬੇਟੀ ਦੇ ਜਨਮ ਉਤੇ (2) ਮੌਤ ਉਪਰੰਤ
(3) ਬੇਟੇ ਦੇ ਜਨਮ ਉਤੇ (4) ਕੁੜੀ ਦੇ ਵਿਆਹ ਉਤੇ

**95.** ਪੈਰੇ ਅਨੁਸਾਰ ਘਰ ਦੇ ਸਾਰੇ ਲੋਕਾਂ ਨੂੰ ਕਿਉਂ ਫ਼ਿਕਰ ਹੋ ਜਾਂਦਾ ਹੈ?
(1) ਸਿਰ ਉੱਤੇ ਕਰਜ਼ ਨੂੰ ਵੇਖ ਕੇ (2) ਮੁਟਿਆਰ ਧੀ ਨੂੰ ਵੇਖ ਕੇ
(3) ਬੀਮਾਰ ਬਜ਼ੁਰਗ ਨੂੰ ਵੇਖ ਕੇ (4) ਮਾਂ ਦੀ ਪੀੜਾ ਨੂੰ ਵੇਖ ਕੇ

**96.** 'ਮੈਂ ਕੋਠੇ ਜਿੱਡੀ ਹੋਈ' ਤੁਕ ਤੋਂ ਕੀ ਭਾਵ ਹੈ?
(1) ਮੈਂ ਮੁਟਿਆਰ ਹੋ ਗਈ ਹਾਂ। (2) ਕੋਠੇ ਜਿੰਨਾ ਕੱਦ ਹੋ ਗਿਆ ਹੈ।
(3) ਕੋਠੇ ਉਤੇ ਚੜ੍ਹ ਬੈਠੀ ਹਾਂ। (4) ਕੋਠਾ ਮੇਰੇ ਪੈਰਾ ਹੇਠ ਆ ਗਿਆ ਹੈ।

**97.** ਪੈਰੇ ਅਨੁਸਾਰ ਘਰ ਵਿੱਚ ਬੇਟੀ ਦੀ ਕਿਹੋ-ਜਿਹੀ ਹਾਲਤ ਹੁੰਦੀ ਹੈ?
(1) ਗੁੱਸੇ ਵਾਲੀ (2) ਗਊ ਵਰਗੀ (3) ਬੇਟੇ ਵਰਗੀ (4) ਸ਼ੇਰਨੀ ਵਰਗੀ

**98.** 'ਚੰਚਲ' ਦਾ ਵਿਰੋਧੀ ਸ਼ਬਦ ਦੱਸੋ।
(1) ਚਲਾਕ (2) ਤਿੱਖਾ (3) ਸੁਸਤ (4) ਤੇਜ

99. ਸਾਡੀ ਲੋਕ-ਧਾਰਨਾ ਮੁਤਾਬਕ ਬੇਟਾ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ?
(1) ਕਨ੍ਹਈਆ ਵਰਗਾ (2) ਰਾਵਨ ਵਰਗਾ (3) ਸ਼ਾਮ ਵਰਗਾ (4) ਰਾਮ ਵਰਗਾ

**ਨਿਰਦੇਸ਼ : ਹੇਠ ਲਿਖੀ ਕਾਵਿ-ਟੁੱਕੜੀ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾ (100-105) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਉ :**

ਅੱਖੀ ਲੱਗੀਆ ਮੁੜਨ ਨਾ ਵੀਰ ਮੇਰੇ, ਹੀਰ ਵਾਰ ਘੱਤ, ਬਲਿਹਾਰੀਆਂ ਵੇ।
ਵਹਿਣ ਪਏ ਦਰਿਆ ਨਾ ਕਦੇ ਮੁੜਦੇ, ਵਡੇ ਲਾਇ ਰਹੇ ਜ਼ੁਰ ਜਾਰੀਆ ਵੇ।
ਲਹੂ ਕੀਕਰੂੰ ਨਿਕਲੇ ਨਾਹਿ ਤਾਂਈ, ਜਿਥੇ ਲੱਗੀਆ ਤੇਜ ਕਟਾਈਆਂ ਵੇ।
ਲਗੇ ਦਸਤ ਇਕ ਵਾਰ ਨਾ ਬੰਦ ਕੀਚਣ, ਵੈਦ ਲਿਖਦੇ ਵੈਦਗੀ ਸਾਰੀਆਂ ਵੇ।
ਸਿਰ ਦਿਤਿਆ ਬਾਝ ਨਾ ਇਸਕ ਪੱਕੇ, ਏਹ ਨਹੀਂ ਸੁਖਾਲੀਆਂ ਯਾਰੀਆਂ ਵੇ।
ਵਾਹਿਸਸ਼ਾਹ ਮੀਆਂ ਭਾਈ ਵਰਜਦੇ ਨੀ, ਵੇਖ ਇਸ਼ਕ ਬਣਾਈਆ ਖਵਾਰੀਆਂ ਵੇ।
ਭਾਬੀ ਖਿਜ਼ਾ ਦੀ ਰੁੱਤ ਜਾ ਆਣ ਪਹੁੰਚੀ, ਭੋਰ ਆਸਰੇ 'ਤੇ ਪਏ ਜਾਲਦੇ ਨੀ।
ਸੇਵਣ ਬੁਲਬੁਲਾ ਬੂਟਿਆਂ ਸੁੱਕਿਆ ਨੂੰ, ਫੇਰ ਫੁੱਲ ਲੱਗਣ ਨਾਲ ਡਾਲ ਦੇ ਨੀ।
ਅਸਾਂ ਜਦੋਂ ਕਦੋਂ ਉਹਨਾ ਪਾਸ ਜਾਣਾ, ਜਿਹੜੇ ਮਹਿਰਮ ਅਸਾਡੜੇ ਹਾਲ ਦੇ ਨੀ।
ਜਿਨ੍ਹਾਂ ਸੂਲੀਆ 'ਤੇ ਲਏ ਜਾਇ ਝੂਟੇ, ਮਨਸੂਰ ਹੋਗੇ ਸਾਡੇ ਨਾਲ ਦੇ ਨੀ।
ਵਾਰਿਸਸਾਹ ਜੋ ਗਏ ਸੋ ਨਹੀਂ ਮੁੜਦੇ, ਲੋਕ ਅਸਾਂ ਥੀਂ ਆਵਣਾ ਭਾਲਦੇ ਨੀ।

100. 'ਸੁਹਾਣੇ' ਕਿਸ ਨੂੰ ਕਿਹਾ ਗਿਆ ਹੈ?
(1) ਮਲਾਹ (2) ਰੁੱਖ (3) ਗਲੀ ਦਾ ਮੋੜ (4) ਹਵਾਈ ਜਹਾਜ਼

101. 'ਕਟਾਰੀਆਂ' ਤੋਂ ਕੀ ਭਾਵ ਹੈ?
(1) ਮਦਾਰੀ (2) ਕੌਲੀਆਂ (3) ਕਟੋਰੀਆਂ (4) ਛੁਰੀਆਂ

102. 'ਵਹਿਣ ਪਏ ਦਰਿਆ ਨਾ ਕਦੇ ਮੁੜਦੇ' ਪੰਕਤੀ ਦਾ ਕੀ ਭਾਵ ਹੈ?
(1) ਦਰਿਆ ਅੱਗੇ ਹੀ ਵਧਦਾ ਜਾਂਦਾ ਹੈ।
(2) ਦਰਿਆ ਦਾ ਪਾਣੀ ਵਾਪਸ ਨਹੀਂ ਆਉਂਦਾ।
(3) ਇਸ਼ਕ ਤੋਂ ਪਿੱਛੇ ਹਟਣਾ ਮੁਸ਼ਕਿਲ ਹੈ।
(4) ਬੰਦਾ ਡੁੱਬ ਜਾਵੇ ਤਾਂ ਨਿਕਲਣਾ ਮੁਹਾਲ ਹੋ ਜਾਂਦਾ ਹੈ।

103. ਉਪਰੋਕਤ ਸਤਰਾਂ ਅਨੁਸਾਰ ਪਿਆਰ ਪੁਗਾਉਣ ਲਈ ਕੀ ਦੇਣਾ ਪੈਂਦਾ ਹੈ?
(1) ਸਿਰ (2) ਪੈਸਾ ਧੇਲਾ
(3) ਲੱਤਾਂ-ਬਾਹਵਾਂ (4) ਜ਼ਮੀਨ-ਜਾਇਦਾਦ

104. ਉਪਰੋਕਤ ਕਾਵਿ-ਬੰਦ ਕਿਸ ਦਾ ਹਿੱਸਾ ਹੈ?
(1) ਪੀਲੂ ਦੇ ਸਿਰਜੇ ਦੇ ਕਿੱਸੇ ਦਾ (2) ਕਮੋਦਰ ਦੀ ਹੀਰ ਦੇ ਕਿੱਸੇ ਦਾ
(3) ਵਾਰਿਸ ਦੀ ਹੀਰ ਕਿੱਸੇ ਦਾ (4) ਹਾਫ਼ਿਜ਼ ਬਰਖ਼ੁਰਦਾਰ ਦੀ ਹੀਰ ਦੇ ਕਿੱਸੇ ਦਾ

105. 'ਖਿਜ਼ਾ' ਕਿਹੜੀ ਰੁੱਤ ਹੁੰਦੀ ਹੈ?
(1) ਗਰਮੀ (2) ਪਤਝੜ (3) ਵਰਖਾ (4) ਬਸੰਤ

106. ਸੈਕੰਡਰੀ ਪੱਧਰ ਉੱਤੇ ਇੱਕ ਅਧਿਆਪਕ ਇੱਕ ਪਾਠ/ਕਹਾਣੀ ਦੇ ਕੇ ਉਨ੍ਹਾਂ ਨੂੰ ਕਹਿੰਦਾ ਹੈ ਕਿ ਉਹ ਇਸ ਨੂੰ ਪੜ੍ਹਕੇ ਆਪਣੀ ਵਿਚਾਰ ਸ਼ਕਤੀ ਅਤੇ ਤਰਕ ਨਾਲ ਪਾਠ ਦੇ ਅਰਥਾਂ ਅਤੇ ਵਿਚਾਰਾਂ ਉੱਤੇ ਚਰਚਾ ਕਰਨ। ਅਧਿਆਪਕ, ਸਿਖਿਆਰਥੀਆਂ ਵਿੱਚ ਕਿਹੜਾ ਵਿਕਾਸ ਕਰਨ ਦੀ ਕੋਸ਼ਿਸ ਕਰ ਰਿਹਾ ਹੈ?
(1) ਭਾਸ਼ਾ ਕੌਸ਼ਲਾ ਦਾ ਉੱਚ ਕ੍ਰਮ (2) ਆਲੋਚਨਾਤਮਕ ਸ਼ਾਖਰਤਾ ਕੌਸ਼ਲ
(3) ਆਲੋਚਨਾਤਮਕ ਅਧਿਐਨ ਵਿਧੀ (4) ਅਲੋਚਨਾਤਮਕ ਭਾਸ਼ਾਈ ਵਿਕਾਸ

107. 'ਪਰਸਪਰ ਭਾਸ਼ਾਈ ਪਛਾਣ' ਕੀ ਹੈ?
(1) ਸਿਖਿਆਰਥੀ ਦੀ ਸਮਝ ਕਿ ਵੱਖ-ਵੱਖ ਭਾਸ਼ਾਵਾਂ ਦੀ ਸਿਖਲਾਈ ਨਾਲ ਵੱਖ-ਵੱਖ ਯੋਗਤਾਵਾਂ ਆਉਂਦੀਆ ਹਨ।
(2) ਸਿਖਿਆਰਥੀ ਦਾ ਵਿਚਾਰ ਕਿ ਕੁੱਝ ਦੇਸੀ ਭਾਸ਼ਾ ਵਿੱਚ ਅਤੇ ਕੁੱਝ ਲਕਸ਼ਿਤ ਭਾਸ਼ਾ ਵਿੱਚ ਸਮਾਨਤਾ ਹੁੰਦੀ ਹੈ।
(3) ਸਿਖਿਆਰਥੀ ਦਾ ਵਿਚਾਰ ਕਿ ਕੁੱਝ ਦੇਸੀ ਭਾਸ਼ਾ ਵਿੱਚ ਅਤੇ ਕੁੱਝ ਲਕਸ਼ਿਤ ਭਾਸ਼ਾ ਵਿੱਚ ਅਸਮਾਨਤਾ ਹੁੰਦੀ ਹੈ।
(4) ਸਿਖਿਆਰਥੀ ਦਾ ਵਿਚਾਰ ਕਿ ਦੇਸੀ ਭਾਸ਼ਾ ਦਾ ਗਿਆਨ ਦੂਜੀ ਭਾਸ਼ਾ ਦੀ ਸਿਖਲਾਈ ਵਿੱਚ ਰੁਕਾਵਟ ਬਣਦਾ ਹੈ।

108. ਭਾਸ਼ਾ ਦਾ ਅਧਿਆਪਕ ਅੰਗਰੇਜ਼ੀ ਵਿੱਚ ਇਕ ਕਹਾਣੀ ਸੁਣਾਉਂਦਾ ਹੈ । ਉਹ ਸਿਖਿਆਰਥੀਆਂ ਨੂੰ ਸਮੂਹ ਵਿੱਚ ਕੰਮ ਕਰਨ ਲਈ ਕਹਿੰਦਾ ਹੈ। ਉਹ ਸਿਖਿਆਰਥੀਆਂ ਨੂੰ ਜੋ ਭਾਸ਼ਾ ਉਨ੍ਹਾਂ ਨੂੰ ਆਉਂਦੀ ਹੈ ਉਸ ਵਿੱਚ ਅਤੇ ਫਿਰ ਜਮਾਤ ਦੀ ਆਮ ਭਾਸ਼ਾ ਵਿੱਚ ਕਹਾਣੀ ਸੁਣਾਉਣ ਲਈ ਆਖਦਾ ਹੈ । ਇਸ ਅਧਿਆਪਨ ਦੀ ਯੋਜਨਾ ਨੂੰ ਕੀ ਕਹਿੰਦੀ ਹਨ।
(1) ਭਾਸ਼ਾ ਦੀ ਪ੍ਰਾਪਤੀ
(2) ਪਾਰ ਭਾਸ਼ਾ
(3) ਬਹੁਭਾਸ਼ੀ ਨੀਤੀ
(4) ਬਹੁਭਾਸ਼ੀ ਅਧਿਆਪਨ

109. ਸੱਤਵੀ ਜਮਾਤ ਦਾ ਇੱਕ ਅਧਿਆਪਕ ਜੋੜਿਆ ਦੇ ਕੰਮ ਦੀ ਗਤੀ ਵਿਧੀ ਕਰਾਉਂਦਾ ਹੈ । ਇਸ ਵਿੱਚ ਜੋੜਿਆ ਨੂੰ ਦਸ ਵਾਕਾਂ ਦੀ ਇਕ ਕਹਾਣੀ ਦਿੱਤੀ ਗਈ ਹੈ । ਇੱਕ ਜੋੜਾ ਪਹਿਲਾ ਵਾਕ ਪੜ੍ਹਦਾ ਹੈ, ਅਤੇ ਦੂਜਾ ਜੋੜਾ ਵਾਕਾਂ ਨੂੰ ਲਿਖਦਾ ਹੈ। ਫਿਰ ਕੋਈ ਹੋਰ ਜੋੜਾ ਦੂਜਾ ਵਾਕ ਪੜ੍ਹਦਾ ਹੈ ਅਤੇ ਪਹਿਲਾ ਜੋੜਾ ਦੂਜਾ ਵਾਕ ਲਿਖਦਾ ਹੈ। ਇਸੇ ਤਰ੍ਹਾਂ ਜੋੜੇ ਕਹਾਣੀ ਪੂਰੀ ਕਰਦੇ ਹਨ। ਮਗਰੋਂ ਉਹ ਆਪਣੀ ਲਿਖਤ ਦੀ ਉਨ੍ਹਾਂ ਨੂੰ ਦਿੱਤੇ ਗਏ ਮੂਲ ਪਾਠ ਨਾਲ ਤੁਲਨਾ ਕਰਦੇ ਹਨ। ਇਸ ਗਤੀਵਿਧੀ ਨੂੰ ਕੀ ਕਹਿੰਦੇ ਹਨ:
(1) ਪਰਸਪਰ ਡਿਕਟੇਸ਼ਨ (2) ਪਰਸਪਰ ਲਿਖਤ (3) ਪਰਸਪਰ ਸ਼੍ਰਵਨ (4) ਵਾਕ ਲਿਖਵਾਉਣਾ

110. ਇੱਕ ਸਿਖਿਆਰਥੀ ਵਿਸ਼ੇਸ ਜਾਣਕਾਰੀ ਦਾ ਪਤਾ ਲਗਾਉਣ ਵਾਸਤੇ ਅਖਬਾਰ ਵਿੱਚੋਂ ਖਬਰ ਪੜ੍ਹਦਾ ਹੈ । ਇਸ ਪੜ੍ਹਤ ਨੂੰ ਕਿਹਾ ਜਾਵੇਗਾ:
(1) ਅਧਿਐਨ ਕੌਸ਼ਲ
(2) ਆਲੋਚਨਾਤਮਕ ਪੜ੍ਹਤ
(3) ਸਕਿਮਿੰਗ
(4) ਸਕੈਨਿੰਗ

111. ਵਿਆਕਰਨ ਦੇ ਅਧਿਐਨ-ਅਧਿਆਪਨ ਵਿੱਚ ਗਿਆਨ ਦੀ ਪ੍ਰਕਿਰਿਆ ਹੈ ____________।
(1) ਭਾਸ਼ਾ ਅਤੇ ਇਸ ਦੇ ਸੱਭਿਆਚਾਰ ਨੂੰ ਜਾਣਨਾ
(2) ਵਿਆਕਰਨ ਦੀ ਮਦ ਨੂੰ ਹੱਲ ਕਰਨ ਬਾਰੇ ਜਾਣਨਾ
(3) ਵਿਆਕਰਨ ਦੀ ਮਦ ਬਾਰੇ ਗਿਆਨ
(4) ਵਿਆਕਰਨ ਦੀ ਮਦ ਦੇ ਨੇਮਾਂ ਨੂੰ ਜਾਣਨਾ

112. ਸ੍ਰੇਆ ਛੇਵੀਂ ਜਮਾਤ ਦੀ ਸਿਖਿਆਰਥਣ ਹੈ, ਜੋ ਪੰਜਾਬ ਦੇ ਜਲੰਧਰ ਤੋਂ ਤਾਮਿਲਨਾਡੂ ਦੇ ਮਦੁਰਾਈ ਗਈ ਹੈ, ਕਿਉਂਕਿ ਉਸ ਦੇ ਪਿਤਾ ਦੀ ਬਦਲੀ ਹੋ ਗਈ ਹੈ । ਉਹ ਮਾਂ-ਬੋਲੀ ਵਜੋਂ ਪੰਜਾਬੀ ਜਾਣਦੀ ਹੈ । ਸਕੂਲ ਵਿੱਚ ਅੰਗਰੇਜ਼ੀ ਭਾਸ਼ਾ ਉਹ ਦੂਜੀ ਭਾਸ਼ਾ ਵਜੋਂ ਪੜ੍ਹਦੀ ਹੈ। ਉਹ ਆਪਣੇ ਗੁਆਂਢ ਤੋਂ ਤਾਮਿਲ ਬੋਲਣ ਅਤੇ ਪੜ੍ਹਨਾ ਸਿਖਣ ਦੇ ਯੋਗ ਹੋ ਜਾਂਦੀ ਹੈ । ਹੇਠ ਲਿਖਿਆਂ ਵਿੱਚੋਂ ਕਿਹੜਾ ਬਿਆਨ ਉਸ ਦੀ ਭਾਸ਼ਾਵਾਂ ਦੀ ਜਾਣਕਾਰੀ ਦੇ ਆਧਾਰ ਉੱਤੇ ਸਹੀ ਹੈ ।
(1) ਉਸ ਦੀ ਅੰਗਰੇਜ਼ੀ ਭਾਸ਼ਾ ਪ੍ਰਾਪਤੀ ਅਧੀਨ ਆਉਂਦੀ ਹੈ, ਜਦਕਿ ਪੰਜਾਬੀ ਤੇ ਤਾਮਿਲ, ਭਾਸ਼ਾ ਸਿਖਲਾਈ ਤਹਿਤ ਆਉਂਦੀਆ ਹਨ।
(2) ਪੰਜਾਬੀ ਤੇ ਤਾਮਿਲ ਉਸ ਦੀ ਭਾਸ਼ਾ ਪ੍ਰਾਪਤੀ ਦੇ ਤਹਿਤ ਆਉਂਦਾ ਹੈ, ਅਤੇ ਅੰਗਰੇਜ਼ੀ ਭਾਸ਼ਾ ਸਿਖਲਾਈ ਦੇ ਅਧੀਨ ਆਉਂਦਾ ਹੈ।
(3) ਤਾਮਿਲ ਉਸ ਦੀ ਭਾਸ਼ਾ ਪ੍ਰਾਪਤੀ ਅਧੀਨ ਆਉਂਦਾ ਹੈ, ਜਦਕਿ ਅੰਗਰੇਜ਼ੀ ਤੇ ਪੰਜਾਬੀ ਭਾਸ਼ਾ ਸਿਖਲਾਈ ਤਹਿਤ ਆਉਂਦੀਆਂ ਹਨ।
(4) ਸਾਰੀਆਂ ਤਿੰਨ ਭਾਸ਼ਾਵਾ ਪੰਜਾਬੀ, ਤਾਮਿਲ ਅਤੇ ਅੰਗਰੇਜ਼ੀ ਭਾਸ਼ਾ ਸਿਖਲਾਈ ਦੇ ਤਹਿਤ ਆਉਂਦੀਆਂ ਹਨ।

113. ਇੱਕ ਵਿਸ਼ੇਸ ਭਾਈਚਾਰੇ ਵਲੋਂ ਕੋਜੀਕੋਡ ਵਿਖੇ ਬੋਲੀ ਜਾਣ ਵਾਲੀ ਮਲਿਆਲੀ, ਉਸੇ ਥਾਂ ਹੋਰਨਾਂ ਵੱਲੋਂ ਬੋਲੀ ਜਾਣ ਵਾਲੀ ਮਲਿਆਲੀ ਨਾਲੋਂ ਵੱਖਰੀ ਹੈ । ਵਿਸ਼ੇਸ ਭਾਈਚਾਰੇ ਵੱਲੋਂ ਬੋਲੀ ਜਾਣ ਵਾਲੀ ਮਲਿਆਲੀ ਨੂੰ ਕੀ ਕਿਹਾ ਜਾਵੇਗਾ?
(1) ਉਹ ਦੋਵੇਂ ਵੱਖ-ਵੱਖ ਭਾਸ਼ਾਵਾਂ ਹਨ।
(2) ਮਲਿਆਲੀ ਦੀਆਂ ਦੋ ਕਿਸਮਾਂ
(3) ਮਲਿਆਲੀ ਦੀ ਖੇਤਰੀ ਉਪ-ਭਾਸ਼ਾ
(4) ਮਲਿਆਲੀ ਦੀ ਸਮਾਜਕ ਉਪ-ਭਾਸ਼ਾ

**114.** ਹੇਠ ਲਿਖਿਆਂ ਵਿੱਚੋਂ ਕਿਹੜਾ ਤ੍ਰੈਭਾਸ਼ੀ ਫਾਰਮੂਲੇ ਬਾਰੇ ਸਹੀ ਹੈ?
(1) ਮਾਂ-ਬੋਲੀ/ਘਰੇਲੂ ਭਾਸ਼ਾ/ਪਹਿਲੀ ਭਾਸ਼ਾ ਵਜੋਂ ਅੰਗਰੇਜ਼ੀ
(2) ਮਾਂ-ਬੋਲੀ/ਘਰੇਲੂ ਭਾਸ਼ਾ/ ਪਹਿਲੀ ਭਾਸ਼ਾ ਵਜੋਂ ਖੇਤਰੀ ਭਾਸ਼ਾ
(3) ਅੰਗਰੇਜ਼ੀ/ਹਿੰਦੀ/ਘਰੇਲੂ ਭਾਸ਼ਾ/ਪਹਿਲੀ ਭਾਸ਼ਾ ਵਜੋਂ ਸਥਾਨਕ ਭਾਸ਼ਾ
(4) ਮਾਂ-ਬੋਲੀ/ਘਰੇਲੂ ਭਾਸ਼ਾ/ਪਹਿਲੀ ਭਾਸ਼ਾ ਵਜੋਂ ਹਿੰਦੀ

**115.** ਵੱਖ-ਵੱਖ ਸਮੂਹਾਂ ਵਿੱਚ ਸਿਖਿਆਰਥੀਆਂ ਨੂੰ ਸਿਖਲਾਈ ਦਾ ਕਾਰਜ ਦਿੱਤਾ ਗਿਆ। ਪਤਾ ਲਗਾਉ ਕਿ ਸ਼ਬਦਾਵਲੀ ਸਿੱਖਣ ਦੀ ਇਸ ਗਤੀਵਿਧੀ ਨੂੰ ਕੀ ਕਿਹਾ ਜਾਂਦ ਹੈ ।
ਹੇਠ ਲਿਖੇ ਸ਼ਬਦਾਂ ਨਾਲ ਸੰਬੰਧਤ ਸ਼ਬਦਾਂ ਅਤੇ ਵਾਕਾਂਸ਼ਾ ਦੀ ਚੋਣ ਕਰੋ ।

ਪਰਿਵਾਰ    ਰਿਸ਼ਤੇਦਾਰਾ    ਭਾਵ

(1) ਸ਼ਬਦ ਜਾਲ
(2) ਵਿਸ਼ੇਗਤ ਸ਼ਬਦਾਵਲੀ
(3) ਸ਼ਬਦ ਸਮੂਹ
(4) ਸੰਯੁਕਤ ਸ਼ਬਦਾਵਲੀ

**116.** ਅਧਿਆਪਨ ਕੀ ਇੱਕ ਵਿਧੀ, ਜਿਸ ਵਿੱਚ ਇੱਕ ਅਧਿਆਪਕ ਅਤੇ ਵੱਖ-ਵੱਖ ਭੂਮਿਕਾਵਾਂ ਨਾਲ ਇੱਕ ਸਹਿਯੋਗੀ ਸਿਖਿਆਰਥੀ ਸਮੂਹ ਤੋਂ ਚਾਰ ਵਿਦਿਆਰਥੀ ਹਨ। ਪਾਠ ਦੇ ਪੈਰੇ ਉੱਤੇ ਸੰਵਾਦ ਹੁੰਦਾ ਹੈ। ਇਸ ਰਾਹੀ ਬਦਲਵੇਂ ਵਿਕਾਸ ਦਾ ਇੱਕ ਜ਼ੋਨ ਖੁੱਲ੍ਹਦਾ ਹੈ, ਜਿਸ ਨਾਲ ਪੜ੍ਹਨ ਦੀ ਸਮਝ ਵਿੱਚ ਸੁਧਾਰ ਹੁੰਦਾ ਹੈ । ਇਸ ਵਿਧੀ ਤੋਂ ___________ ਦਾ ਸੰਕੇਤ ਮਿਲਦਾ ਹੈ ।
(1) ਮੱਾਡਲ ਰੀਡਿੰਗ
(2) ਵਿਆਕਰਨ ਦੇ ਅਨੁਵਾਦ ਦੀ ਵਿਧੀ
(3) ਪਰਸਪਰ ਅਧਿਆਪਨ
(4) ਸੰਗਠਿਤ ਪਹੁੰਚ

**117.** ਉਹ ਭਾਸ਼ਾ, ਜਿਸ ਦੀ ਵਰਤੋਂ ਅਸੀ ਰੁਜਾਨਾ ਪਰਸਪਰ ਗੱਲਬਾਤ ਲਈ ਕਰਦੇ ਹਾਂ, ਨੂੰ ਕਿਹਾ ਜਾਂਦਾ ਹੈ।
(1) ਪਰਸਪਰ ਭਾਸ਼ਾਈ ਨਿਪੁੰਨਤਾ
(2) ਗਿਆਨਾਤਮਕ ਅਕਾਦਮਿਕ ਭਾਸ਼ਾ ਦੀ ਨਿਪੁੰਨਤਾ (CALP)
(3) ਮੁੱਢਲੀਆਂ ਪਰਸਪਰ ਸੰਚਾਰ ਕੌਸ਼ਲਾਂ (BICS)
(4) ਸੰਚਾਰਾਤਮਕ ਭਾਸ਼ਾਈ ਕੋਸ਼ਲਾਂ

**118.** ਰੈਮੀਡੀਅਲ ਅਧਿਆਪਨ ਹੈ:
(1) ਸਿਖਿਆਰਥੀਆਂ ਅਤੇ ਅਧਿਆਪਕਾਂ ਨੂੰ ਭਾਸ਼ਾ ਦੇ ਪੇਪਰ ਵਿੱਚ ਇਮਿਤਿਹਾਨ ਵਿੱਚ ਅੰਕਾ ਨੂੰ ਵਧਾਉਣਾ ਹੋਵੇਗਾ।
(2) ਸਿਖਿਆਰਥੀ ਜਿਨ੍ਹਾਂ ਨੂੰ ਭਾਸ਼ਾ ਦੀ ਸਿਖਲਾਈ ਦੇ ਕੁੱਝ ਪਖਾਂ ਉਤੇ ਧਿਆਨ ਦੇਣ ਦੀ ਲੋੜ ਹੈ ।
(3) ਅਧਿਆਪਕ, ਜਿਨ੍ਹਾਂ ਨੂੰ ਭਾਸ਼ਾ ਸਿਖਲਾਈ ਲਈ ਕਿਸੇ ਵਿਦਿਆਰਥੀ ਵਾਸਤੇ ਆਪਣੇ ਅਧਿਆਪਨ ਵਿੱਚ ਸੁਧਾਰ ਦੀ ਲੋੜ ਹੈ।
(4) ਸਿਖਿਆਰਥੀਆਂ ਅਤੇ ਅਧਿਆਪਕਾਂ ਨੂੰ ਆਪਣੇ ਅਧਿਆਪਨ/ਸਿਖਲਾਈ ਦੀਆਂ ਯੋਜਨਾਵਾਂ ਨੂੰ ਸਮਝਣਾ ਅਤੇ ਬਦਲਣਾ/ਸੁਧਾਰਨਾ ਹੋਵੇਗ।

**119.** ਹੇਠ ਲਿਖਿਆ ਵਿੱਚੋਂ ਕਿਹੜਾ ਪ੍ਰਤੀਕਾਂ ਦੀ ਭਾਸ਼ਾ ਬਾਰੇ ਸਹੀ ਨਹੀਂ ਹੈ?
(1) ਪ੍ਰਤੀਕਾਂ ਦੀ ਭਾਸ਼ਾ ਦੀ ਵਿਆਕਰਨ ਹੈ।
(2) ਪ੍ਰਤੀਕਾਂ ਦੀ ਭਾਸ਼ਾ ਦੀਆਂ ਕਈ ਕਿਸਮਾ ਹਨ।
(3) ਪ੍ਰਤੀਕਾਂ ਦੀ ਭਾਸ਼ਾ ਇੱਕ ਪ੍ਰਕਿਰਤਕ ਭਾਸ਼ਾ ਹੈ।
(4) ਪ੍ਰਤੀਕਾਂ ਦੀ ਭਾਸ਼ਾ ਦੀ ਵਿਆਕਰਨ ਨਹੀਂ ਹੁੰਦੀ।

**120.** ਹੇਠ ਲਿਖਿਆ ਵਿੱਚੋਂ ਕਿਹੜਾ ਵਿਸਤ੍ਰਿਤ ਪੜ੍ਹਤ ਦਾ ਮਕਸਦ ਨਹੀਂ ਹੈ?
(1) ਆਨੰਦ ਲਈ ਪਾਠ
(2) ਪ੍ਰਸ਼ੰਸਾ ਲਈ ਪਾਠ
(3) ਅਨੁਮਾਨ ਲਗਾਉਣ ਲਈ ਪੜ੍ਹਤ
(4) ਵਿਆਕਰਨ ਸਿੱਖਣ ਲਈ ਪਾਠ

ਉਮੀਦਵਾਰ **ਭਾਗ–V (ਪ੍ਰ.ਨੰ. 121-150)** ਦੇ ਪ੍ਰਸ਼ਨ ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ–II** ਵਜੋਂ ਚੁਣਿਆ ਹੈ।

Candidates should attempt the questions from **Part-V (Q.No. 121-150)**, if they have opted **PUNJABI** as **Language-II** only.

Prepp
Your Personal Exams Guide

## PART-V

## LANGUAGE-II

## PUNJABI

| ਉਮੀਦਵਾਰ **ਭਾਗ-V (ਪ੍ਰ.ਨੰ. 121-150)** ਦੇ ਪ੍ਰਸ਼ਨ ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ-II** ਵਜੋਂ ਚੁਣਿਆ ਹੈ। |
|---|

**ਨਿਰਦੇਸ਼ : ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾ (121-128) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਉ :**

ਸਾਧਾਰਨ ਅਰਥਾ ਵਿੱਚ ਰੂੜ੍ਹ ਹੋ ਗਏ ਮਾਨਵੀ ਵਿਵਹਾਰ ਦਾ ਨਾਂ ਪਰੰਪਰ (Tradition) ਹੈ। ਤਕਨੀਕੀ ਸ਼ਬਦਾਵਲੀ ਵਿੱਚ ਕਹੀਏ ਤਾਂ ਪਰੰਪਰਾ ਉਸ ਵਿਸ਼ੇਸ਼ ਪੁਰਾਤਨ ਜੀਵਨਧਾਰਾ ਦਾ ਨਾਮ ਹੈ ਜਿਸ ਦੇ ਵਿਕਾਸ ਦਾ ਪ੍ਰਵਾਹ ਇਕਸਾਰ ਅਤੇ ਲੰਬੇ ਸਮੇਂ ਤੱਕ ਹੁੰਦਾ ਰਿਹਾ ਹੋਵੇ। ਇਸ ਤਰ੍ਹਾਂ ਪਰੰਪਰਾ ਮਾਨਵੀ-ਜੀਵਨ ਦੀ ਕਿਸੇ ਇਕ ਪੀੜ੍ਹੀ ਦੇ ਨਿਸਚਿਤ ਕਾਲ-ਖੰਡ ਤੱਕ ਸੀਮਿਤ ਨਹੀਂ, ਸਗੋਂ ਇਸ ਦਾ ਪ੍ਰਵਾਹ ਪੀੜ੍ਹੀ ਦਰ ਪੀੜ੍ਹੀ ਨਿਰੰਤਰ ਹੁੰਦਾ ਰਹਿੰਦਾ ਹੈ। ਪਰੰਪਰਾ ਕਿਸੇ ਮਾਨਵ ਨੂੰ ਜੀਵ-ਵਿਗਿਆਨਕ ਵਿਰਸੇ ਵਜੋਂ ਪ੍ਰਾਪਤ ਨਹੀਂ ਹੁੰਦੀ, ਸਗੋਂ ਇਸ ਨੂੰ ਪ੍ਰਾਪਤ ਕਰਨ ਲਈ ਸਮਾਜਕ ਵਿਵਹਾਰ ਅੰਦਰ ਲੰਬੇ ਸਮੇਂ ਤੱਕ ਵਿੱਚਰਨਾ ਪੈਂਦਾ ਹੈ। ਹਰ ਸਮਾਜਕ ਸਮੂਹ ਦੀ ਪ੍ਰਗਤੀ ਦਾ ਸਰੋਤ ਉਸ ਦੀ ਪਰੰਪਰਾ ਵਿੱਚੋਂ ਹੀ ਪੈਂਦਾ ਹੁੰਦਾ ਹੈ । ਲੋਕਧਾਰਾ, ਕਿਉਂਕਿ ਲੋਕ-ਸਮੂਹ ਦਾ ਗਿਆਨ ਹੁੰਦਾ ਹੈ, ਇਸ ਲਈ ਵਿੱਚ ਪਰੰਪਰਾ ਦੇ ਅੰਸ਼ਾਂ ਦੀ ਹੋਂਦ ਜ਼ਰੂਰੀ ਹੈ । ਫੋਕਲੋਰ ਸੁਸਾਇਟੀ, ਲੰਦਨ ਦੁਆਰਾ ਲੋਕਧਾਰਾ ਦੀ ਪਰਿਭਾਸ਼ਾ ਹੀ ਇਹ ਦਿਤੀ ਗਈ ਹੈ ਕਿ ਲੋਕਧਾਰਾ ਪਰੰਪਰਾ ਦੀ ਸਾਇੰਸ ਹੈ । ਪਰੰਪਰਾ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਕਿਸੇ ਵੀ ਵਿਅਕਤੀ-ਵਿਸ਼ੇਸ ਦੀ ਨਿੱਜੀ ਕੋਈ ਪਰੰਪਰਾ ਨਹੀਂ ਹੁੰਦੀ, ਸਗੋਂ ਪਰੰਪਰਾ ਦਾ ਸੰਬੰਧ ਹਮੇਸ਼ਾ ਹੀ ਲੋਕ-ਸਮੂਹ ਨਾਲ ਹੁੰਦਾ ਹੈ । ਇਸ ਲਈ ਲੋਕਧਾਰਾਈ ਵਰਤਾਰਿਆਂ ਦੀ ਘਾੜਤ ਅਤੇ ਉਨ੍ਹਾਂ ਦੀ ਸ਼ਨਾਖ਼ਤ ਲਈ ਪਰੰਪਰਾ ਦਾ ਅੰਸ਼ ਪਹਿਲੀ ਵੱਡੀ ਸ਼ਰਤ ਹੈ । ਰੂੜ੍ਹ ਹੋ ਗਏ ਵਿਚਾਰ-ਵਰਤਾਰੇ ਤੇ ਵਸਤਾਂ ਹੀ ਲੋਕਧਾਰਾ ਦੇ ਖੇਤਰ ਵਿੱਚ ਸ਼ਾਮਲ ਹਨ।

**121.** 'ਪਰੰਪਰਾ' ਕਿਸ ਨਾਲ ਸੰਬੰਧਤ ਨਹੀ ਹੈ ?

(1) ਨਿਰੰਤਰਤਾ ਨਾਲ
(2) ਲਗਾਤਾਰਤਾ ਨਾਲ
(3) ਨਿਸ਼ਚਤ ਕਾਲ ਖੰਡ ਨਾਲ
(4) ਪੀੜੀ-ਦਰ ਪੀੜੀ ਨਾਲ

**122.** ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਹੈ?

(1) ਕਾਲ-ਖੰਡ
(2) ਵਿਵਹਾਰ-ਅੰਦਰ
(3) ਪੁਰਾਤਨ-ਜੀਵਨ ਧਾਰਾ
(4) ਸਮੇਂ-ਤੱਕ

**123.** ਪਰੰਪਰਾ ਕੀ ਹੈ?

(1) ਅਤਿਆਧੁਨਿਕ ਵਿਚਾਰ
(2) ਨਵੀਆਂ ਗੱਲਾਂ
(3) ਪੁਰਾਤਕ ਮਾਨਵੀ ਵਿਵਹਾਰ
(4) ਤਰੋਤਾਜ਼ਾ ਰਿਵਾਜ਼

**124.** 'ਲੋਕਧਾਰਾ' ਵਿੱਚ ਕੀ ਹੁੰਦਾ ਹੈ?

(1) ਨਵੇਂ ਨਾਵਲ
(2) ਨਵੇਂ ਗੀਤ
(3) ਲੋਕ-ਸਮੂਹ ਦਾ ਗਿਆਨ
(4) ਨਵੇਂ ਨਾਟਕ

**125.** 'ਨਿਸ਼ਚਿਤ' ਦਾ ਵਿਰੋਧੀ ਸ਼ਬਦ ਚੁਣੋ:

(1) ਯਕੀਨੀ (2) ਪੱਕਾ (3) ਸੁਨਿਸ਼ਚਿਤ (4) ਅਨਿਸ਼ਚਿਤ

**126.** 'ਮਾਨਵੀ' ਦਾ ਸਮਾਨਾਰਥਕ ਸ਼ਬਦ ਚੁਣੋ:

(1) ਚਿਹਰਾ (2) ਅਮਾਨਵੀ (3) ਮਨੁੱਖੀ (4) ਮਾਨਸਿਕਤਾ

**127.** ਪੈਰੇ ਅਨੁਸਾਰ 'ਪਰੰਪਰਾ' ਕਿਵੇਂ ਪ੍ਰਾਪਤ ਹੁੰਦੀ ਹੈ?

(1) ਅਖ਼ਬਾਰਾਂ ਰਾਹੀਂ (2) ਟੀ.ਵੀ. ਰਾਹੀਂ

(3) ਰੇਡੀਉ ਰਾਹੀਂ (4) ਲੰਮੇ ਸਮੇਂ ਦੀ ਘਾਲਣਾ ਕਰਕੇ

**128.** 'ਲੋਕਧਾਰਾ ਪਰੰਪਰਾ ਦੀ ਸਾਇੰਸ ਹੈ' ਇਹ ਵਾਕ ਕਿਸ ਨੇ ਕਿਹਾ?

(1) ਪੰਜਾਬੀ ਵਿਦਵਾਨਾ ਨੇ (2) ਫ਼ੋਕਲੋਰ ਸੁਸਾਇਟੀ ਲੰਦਨ ਨੇ

(3) ਡਾ. ਕਰਨੈਲ ਸਿੰਘ ਥਿੰਦ ਨੇ (4) ਸੰਸਕ੍ਰਿਤ ਦੇ ਵਿਦਵਾਨਾ ਨੇ

**ਨਿਰਦੇਸ਼ : ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾ (129-135) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਉ :**

ਲੋਕਧਾਰਾ ਦਾ ਦੂਜਾ ਵੱਡਾ ਅਤੇ ਮਹੱਤਵਪੂਰਨ ਤੱਤ ਲੋਕ-ਮਨ ਹੁੰਦਾ ਹੈ। ਲੋਕ-ਮਨ ਨੂੰ ਲੋਕ-ਮਾਨਸਿਕਤਾ ਵੀ ਕਿਹਾ ਜਾਂਦਾ ਹੈ। ਡਾ. ਹਜ਼ਾਰੀ ਪ੍ਰਸਾਦਿ ਦਿਵਵੇਦੀ ਲੋਕ-ਮਨ ਨੂੰ ਲੋਕ-ਚਿੱਤ ਦਾ ਨਾਂ ਦਿੰਦੇ ਹਨ। ਉਹ ਇਸ ਨੂੰ ਸਾਧਾਰਨ ਜਨਤਾ ਦਾ ਅਜਿਹਾ ਚਿੱਤ ਪ੍ਰਵਾਨ ਕਰਦੇ ਹਨ, ਜਿਹੜਾ ਪਰੰਪਰਾ ਨਾਲ ਜੁੜਿਆ ਹੋਇਆ, ਬੌਧਿਕ ਵਿਵੇਚਨਾ ਪਰਕ ਸ਼ਾਸਤਰਾਂ ਅਤੇ ਉਨ੍ਹਾਂ ਉੱਤੇ ਕੀਤੀਆਂ ਗਈਆਂ ਟੀਕਾ-ਟਿੱਪਣੀਆਂ ਤੋਂ ਅਛੂਤਾ ਹੁੰਦਾ ਹੈ, ਅਸਲ ਵਿੱਚ ਲੋਕਧਾਰਾ ਦਾ ਜਨਮ-ਦਾਤਾ ਹੀ ਲੋਕ-ਮਨ ਹੁੰਦਾ ਹੈ। ਲੋਕ-ਮਨ ਮਾਨਵ ਦੀ ਆਦਮ ਪ੍ਰਵਿਰਤੀ ਦਾ ਹੀ ਸਰੂਪ ਹੈ। ਦੂਜੇ ਸ਼ਬਦਾਂ ਵਿੱਚ ਉਹ ਮਾਨਸਿਕ ਸਥਿਤੀ ਜਿਹੜੀ ਅੱਜ ਆਦਿਮ ਮਾਨਸ ਦੀ ਪਰੰਪਰਾ ਵਿੱਚ ਹੈ ਉਸ ਦਾ ਅਵਸ਼ੇਸ਼ ਲੋਕ-ਮਨ ਹੈ । ਲੋਕ-ਮਨ ਇਕ ਆਪ-ਮੁਹਾਰੀ ਜੋਤ ਵਾਂਗ ਹੈ ਜਿਸ ਦਾ ਪ੍ਰਕਾਸ਼ ਹਰ ਵਿਅਕਤੀ ਦੇ ਮਨ ਵਿੱਚ ਹੁੰਦਾ ਹੈ । ਇਹ ਪ੍ਰਕਾਸ਼ ਵੱਧ ਜਾਂ ਘੱਟ ਹੋ ਸਕਦਾ ਹੈ ਪਰ ਕੋਈ ਮਨੁੱਖ ਇਸ ਦੀ ਰਿਸ਼ਮ ਤੋਂ ਬਿਲਕੁਲ ਸੱਖਣਾ ਹੋਵੇ, ਇਹ ਸੰਭਵ ਨਹੀਂ ਹੈ।

ਸੱਚ ਤਾਂ ਇਹ ਹੈ ਕਿ ਲੋਕ-ਮਨ ਤੋਂ ਸੱਖਣਾ ਕੋਈ ਵੀ ਵਰਤਾਰਾ ਲੋਕਧਾਰਾ ਦੇ ਖੇਤਰ ਵਿੱਚ ਸ਼ਾਮਿਲ ਹੋ ਹੀ ਨਹੀਂ ਸਕਦਾ। ਜੇ ਪਰੰਪਰਾ ਲੋਕਧਾਰਾ ਦੀ ਜਣਨੀ ਹੈ ਤਾਂ ਲੋਕ-ਮਨ ਉਸ ਦੀ ਸੰਤਾਨ ਹੈ ।

**129.** ਲੋਕ-ਮਨ ਨੂੰ ਲੋਕ-ਚਿੱਤ ਦਾ ਨਾਂ ਕਿਸ ਨੇ ਦਿੱਤਾ?

(1) ਪੰਜਾਬ ਦੇ ਲੋਕਾਂ ਨੇ (2) ਡਾ. ਕਰਨੈਲ ਸਿੰਘ ਥਿੰਦ

(3) ਹਜ਼ਾਰੀ ਪ੍ਰਸਾਦ (4) ਲੋਕਾਂ ਨੇ

**130.** 'ਪ੍ਰਕਾਸ਼' ਦਾ ਵਿਰੋਧੀ ਸ਼ਬਦ ਚੁਣੋ:

(1) ਜਗ-ਮਗ (2) ਰੌਸ਼ਨੀ (3) ਚਾਨਣ (4) ਹਨ੍ਹੇਰਾ

**131.** ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਚੁਣੋ:

(1) ਆਦਮ ਪ੍ਰਵਿਰਤੀ (2) ਲੋਕ-ਧਾਰਾ, ਲੋਕ-ਮਨ ਅਤੇ ਪਰੰਪਰਾ

(3) ਬੌਧਿਕ ਵਿਵੇਚਨਾ (4) ਅਵਸ਼ੇਸ਼

**132.** ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਨਹੀਂ ਹੈ?

(1) ਲੋਕ-ਚਿੱਤ (2) ਲੋਕ-ਮਨ

(3) ਬੌਧਿਕ ਵਿਵੇਚਨਾ (4) ਟੀਕਾ-ਟਿਪਣੀਆਂ

Prepp
Your Personal Exams Guide

**133.** ਪੈਰੇ ਅਨੁਸਾਰ 'ਲੋਕ-ਮਨ' ਕਿਸ ਦਾ ਹਿੱਸਾ ਹੁੰਦਾ ਹੈ?

(1) ਸ਼ਹਿਰੀ ਸ਼ੱਭਿਆਚਾਰ ਦਾ (2) ਮਾਲ-ਕਲਚਰ ਦਾ

(3) ਲੋਕ-ਧਾਰਾ ਦਾ (4) ਕਲੱਬ ਕਲਚਰ ਦਾ

**134.** ਲੋਕਧਾਰਾ ਦੀ ਜਨਣੀ ਕੌਣ ਹੈ?

(1) ਔਲਾਦ (2) ਲੋਕ-ਮਨ (3) ਸੰਤਾਨ (4) ਪਰੰਪਰਾ

**135.** 'ਮਨ' ਦਾ ਸਮਾਨਾਰਥਕ ਸ਼ਬਦ ਚੁਣੋ:

(1) ਚਿੱਤ (2) ਫੇਫੜਾ (3) ਕਿਡਨੀ (4) ਪੱਸਲੀ

**136.** ਹੇਠ ਲਿਖੀਆਂ ਵਿੱਚੋਂ ਕਿਹੜੀ ਪ੍ਰਕਿਰਿਆ ਕਿਸੇ ਭਾਸ਼ਾ ਵਿੱਚ ਚੰਗੀ ਲਿਖਾਈ ਸਿੱਖਣ ਵਿੱਚ ਸ਼ਾਮਲ ਹੈ?

(1) ਬ੍ਰੇਨ ਸਟਾੱਰਮਿੰਗ-ਨੁਕਤੇ ਲ਼ਿਖਣੇ-ਖ਼ਾਕਾ ਬਣਾਉਣਾ-ਖਰੜਾ ਲਿਖਣਾ- ਸੰਪਾਦਨ ਕਰਨਾ-ਅੰਤਿਮ ਰੂਪ ਦੇਣਾ

(2) ਬ੍ਰੇਨ ਸਟਾੱਰਮਿੰਗ-ਖ਼ਾਕਾ ਬਣਾਉਣਾ-ਡਰਾਫ਼ਟਿੰਗ-ਨੁਕਤੇ ਲਿਖਣੇ-ਸੰਪਾਦਨ ਕਰਨਾ-ਅੰਤਿਮ ਰੂਪ ਦੇਣਾ

(3) ਬ੍ਰੇਨ ਸਟਾੱਰਮਿੰਗ-ਨੁਕਤੇ ਲ਼ਿਖਣੇ-ਖਰੜਾ ਲਿਖਣਾ- ਖ਼ਾਕਾ ਬਣਾਉਣਾ-ਸੰਪਾਦਨ ਕਰਨਾ- ਅੰਤਿਮ ਰੂਪ ਦੇਣਾ

(4) ਬ੍ਰੇਨ ਸਟਾੱਰਮਿੰਗ-ਨੁਕਤੇ ਲ਼ਿਖਣੇ-ਖਰੜਾ ਲਿਖਣਾ-ਸੰਪਾਦਨ ਕਰਨਾ-ਖ਼ਾਕਾ ਬਣਾਉਣਾ- ਅੰਤਿਮ ਰੂਪ ਦੇਣਾ

**137.** ਹੇਠ ਲਿਖਿਆ ਵਿੱਚੋਂ ਕਿਹੜਾ ਤ੍ਰੈਭਾਸ਼ੀ ਫਾਰਮੂਲੇ ਬਾਰੇ ਠੀਕ ਹੈ?

(1) ਸਾਰੇ ਬੱਚੇ ਆਪਣੀ ਸਕੂਲ ਦੀ ਪੜ੍ਹਾਈ ਮਾਂ-ਬੋਲੀ/ਘਰੇਲੂ ਭਾਸ਼ਾ ਵਿੱਚ ਸ਼ੁਰੂ ਕਰਦੇ ਹਨ। ਆਪਣੀ ਹਾਈ ਸਕੂਲ ਦੀ ਪੜ੍ਹਾਈ ਪੂਰੀ ਕਰਨ ਤੱਕ ਘੱਟੋ-ਘੱਟ ਦੋ ਹੋਰ ਭਾਸ਼ਾਵਾਂ ਸ਼ਾਮਲ ਕਰ ਲੈਂਦੇ ਹਨ।

(2) ਸਾਰੇ ਬੱਚੇ ਆਪਣੀ ਸਕੂਲ ਦੀ ਪੜ੍ਹਾਈ ਅੰਗਰੇਜ਼ੀ ਮਾਧਿਅਮ/ਘਰੇਲੂ ਭਾਸ਼ਾ ਵਿੱਚ ਸ਼ੁਰੂ ਕਰਦੇ ਹਨ। ਆਪਣੀ ਹਾਈ ਸਕੂਲ ਦੀ ਪੜ੍ਹਾਈ ਮੁਕੰਮਲ ਕਰਨ ਤੋਂ ਪਹਿਲਾਂ ਉਹ ਘੱਟੋ ਘੱਟ ਦੋ ਹੋਰ ਭਾਸ਼ਾਵਾ ਵੱਲ ਵੱਧ ਜਾਂਦੇ ਹਨ।

(3) ਸਾਰੇ ਬੱਚੇ ਆਪਣੀ ਸਕੂਲ ਦੀ ਪੜ੍ਹਾਈ ਆਪਣੇ ਸੂਬੇ ਦੀ ਭਾਸ਼ਾ ਵਿੱਚ ਸ਼ੁਰੂ ਕਰਦੇ ਹਨ। ਹਾਈ ਸਕੂਲ ਪਾਸ ਕਰਨ ਤੱਕ ਉਹ ਘੱਟੋ-ਘੱਟ ਦੋ ਭਾਸ਼ਾਵਾਂ ਸ਼ਾਮਲ ਕਰ ਲੈਂਦੇ ਹਨ।

(4) ਸਾਰੇ ਬੱਚੇ ਆਪਣੀ ਸਕੂਲ ਦੀ ਪੜ੍ਹਾਈ ਸਰਕਾਰੀ ਭਾਸ਼ਾ ਹਿੰਦੀ ਵਿੱਚ ਸ਼ੁਰੂ ਕਰਦੇ ਹਨ। ਆਪਣਾ ਹਾਈ ਸਕੂਲ ਪਾਸ ਕਰਨ ਤੱਕ ਉਹ ਘੱਟੋ-ਘੱਟ ਦੋ ਹੋਰ ਭਾਸ਼ਾਵਾਂ ਸ਼ਾਮਲ ਕਰ ਲੈਂਦੇ ਹਨ।

**138.** ਘੋਸ਼ਨਾਤਮਿਕ ਗਿਆਨ ਹੈ :

(1) ਵਿਆਕਰਨ ਦੀ ਮਦ ਕਰਨ ਬਾਰੇ ਜਾਣਨਾ।

(2) ਇੱਕ ਭਾਸ਼ਾ ਵਿੱਚ ਸ਼ਬਦ ਦੇ ਉਚਾਰਨ ਦੀ ਜਾਣਕਾਰੀ।

(3) ਵਿਆਕਰਣਕ ਮਦ ਬਾਰੇ ਗਿਆਨ।

(4) ਇੱਕ ਵਿਆਕਰਣਕ ਮਦ ਵਿੱਚ ਕਿਸੇ ਗਲਤੀ ਦੀ ਪਛਾਣ ਕਰਨ ਬਾਰੇ ਜਾਣਨਾ।

**139.** ਸਮਾਜ-ਵਿਗਿਆਨ ਦੀ ਇੱਕ ਜਮਾਤ ਵਿੱਚ ਸਿਖਿਆਰਥੀ ਜਮਾਤ ਦੇ ਲੈਕਚਰ ਦੇ ਮੁਖ ਵਿੱਚਾਰਾ ਨੂੰ ਫੜਨ ਦੀ ਕੋਸ਼ਿਸ ਕਰਦੇ ਹਨ ਅਤੇ ਲੈਕਚਰ ਦਾ ਇਕ ਬਿੰਦੂ ਬਣਾਉਂਦੇ ਹਨ । ਇਸ ਕੌਸ਼ਲ ਨੂੰ ਕੀ ਕਹਿੰਦੇ ਹਨ?

(1) ਬੌਧਿਕ ਕੌਸ਼ਲ (2) ਅਧਿਐਨ ਕੌਸ਼ਲ (3) ਸ੍ਰਵਨ ਕੌਸ਼ਲ (4) ਲੇਖਣ ਕੌਸ਼ਲ

**140.** ਸਿੱਖਿਆ ਦੇ ਸਿੱਟੇ ਸਿਖਿਆਰਥੀ ਨੂੰ ਕਿਸ ਦੇ ਯੋਗ ਬਣਾਉਣ ਦੀ ਕੋਸ਼ਿਸ ਹਨ?

(1) ਅਨੁਮਾਣਯੋਗ ਟਰਮਾਂ ਵਿੱਚ ਭਾਸ਼ਾਈ ਭਾਸ਼ਾਈ ਹਿੱਸੇ ਹਾਸਲ ਕਰਨ ਦੇ।

(2) ਅਨੁਮਾਣਯੋਗ ਟਰਮਾਂ ਵਿੱਚ ਵਿਆਕਰਨ ਦਾ ਗਿਆਨ ਹਾਸਲ ਕਰਨ ਦੇ।

(3) ਅਨੁਮਾਣਯੋਗ ਟਰਮਾਂ ਵਿੱਚ ਪ੍ਰਤੀਯੋਗਤਾਵਾਂ ਹਾਸਲ ਕਰਨ ਦੇ।

(4) ਸਾਰੀਆ ਕੌਸ਼ਲਾ ਦੀ ਘੱਟ ਤੋਂ ਘੱਟ ਸਿਖਲਾਈ ਹਾਸਲ ਕਰਨ ਦੇ।

**141.** ਅੱਠਵੀ ਜਮਾਤ ਦਾ ਇੱਕ ਅਧਿਆਪਨ ਅੰਗਰੇਜ਼ੀ ਵਿੱਚ ਪੰਜ ਵਾਕਾਂ ਦੇ ਇੱਕ ਪਾਠ ਨੂੰ ਦੋ ਵਾਰ ਪੜ੍ਹਦਾ ਹੈ । ਉਹ ਆਪਣੇ ਵਿਦਿਆਰਥੀਆਂ ਨੂੰ ਪਾਠ ਨੂੰ ਧਿਆਨ ਨਾਲ ਸੁਣਨ ਲਈ ਕਹਿੰਦਾ ਹੈ । ਫਿਰ ਉਹ ਉਨ੍ਹਾਂ ਨੂੰ ਚਾਰ ਕੇ ਸਮੂਹ ਵਿੱਚ ਕੰਮ ਕਰਕੇ ਪੜੇ ਗਏ ਪਾਠ ਦੇ ਨੇੜੇ-ਤੇੜੇ, ਉਸੇ ਤਰ੍ਹਾਂ ਨਹੀਂ ਪਾਠ ਨੂੰ ਮੁੜ ਸੁਰਜੀਤ ਕਰਨ ਲਈ ਆਖਦਾ ਹੈ । ਇਸ ਗਤੀਵਿਧੀ ਨੂੰ ਕੀ ਕਿਹਾ ਜਾਵੇਗਾ।

(1) ਸ਼੍ਰਵਨ ਕਾਰਜ (2) ਲੇਖਣ ਕਾਰਜ

(3) ਪੈਰੇ ਦੀ ਡਿਕਟੇਸ਼ਨ (4) ਸਮੂਹਿਕ ਡਿਕਟੇਸ਼ਨ

**142.** ਸਤਬੀਰ ਸੱਤਵੀਂ ਜਮਾਤ ਕੀ ਇੱਕ ਵਿਦਿਆਰਥਣ ਹੈ। ਜੋ ਚਾਰ ਭਾਸਾਂਵਾ-ਕੰਨੜ, ਮਰਾਠੀ, ਹਿੰਦੀ ਅਤੇ ਅੰਗਰੇਜ਼ੀ ਬੋਲਣ ਦੇ ਯੋਗ ਹੈ । ਉਹ ਚਾਰੇ ਭਾਸ਼ਾਵਾ ਚੰਗੀ ਤਰ੍ਹਾਂ ਬੋਲ ਲੈਂਦੀ ਹੈ, ਜਦੋਂ ਉਹ ਘਰ ਵਿੱਚੋਂ ਆਪਣੇ ਮਾਪਿਆਂ ਨਾਲ ਬੋਲਦੀ ਹੈ। ਸਕੂਲ ਵਿੱਚ ਉਹ ਹਿੰਦੀ, ਕੰਨੜ ਅਤੇ ਅੰਗਰੇਜ਼ੀ ਬੋਲਦੀ ਹੈ, ਕਿਉਂਕਿ ਉਸ ਦੇ ਦੌਸਤ ਤੇ ਅਧਿਆਪਨ ਇਹ ਭਾਸ਼ਾਵਾ ਜਾਣਦੇ ਹਨ। ਇਸ ਪ੍ਰਕਿਰਿਆ ਨੂੰ ਕੀ ਕਿਹਾ ਜਾਵੇਗਾ?

(1) ਅੰਤਰ-ਭਾਸ਼ਾ (2) ਪਾਠ ਭਾਸ਼ਾ ਦੀ ਯੋਗਤਾ

(3) ਕੋਡ ਮੈਸ਼ਿੰਗ (4) ਕੋਡ ਮੂਵਿੰਗ

**143.** ਹੇਠ ਲਿਖਿਆਂ ਵਿੱਚੋਂ ਕਿਹੜੀ ਵਿੱਧੀ ਭਾਸ਼ਾ ਸਿੱਖਿਆ ਲਈ ਮੌਖਿਕ ਅਭਿਆਸਾਂ ਅਤੇ 'ਭਾਸ਼ਾ ਦੀਆਂ ਰਸਮੀ ਸੰਪੱਤੀਆਂ ਦੀ 'ਮੁਹਾਰਤ' ਨੂੰ ਜ਼ਰੂਰੀ ਮੰਨਦੀ ਹੈ?

(1) ਕੁੱਲ ਸ਼ਰੀਰਕ ਪ੍ਰਤੀਕਿਰਿਆ (2) ਆਡਿਓਲਿੰਗੁਲਿਜ਼ਮ

(3) ਸੰਚਾਰਾਤਮਕ ਭਾਸ਼ਾ ਅਧਿਆਪਨ (4) ਵਿਆਕਰਨ ਅਨੁਵਾਦ ਦੀ ਵਿਧੀ

**144.** ਇੱਕ ਅਧਿਆਪਕ ਰਸੋਈ ਦੇ ਸਮਾਨ ਦਾ ਵਰਣਨ ਕਰਨ ਲਈ ਸ਼ਬਦਾਵਲੀ ਸਿਖਾਉਣ ਵਾਸਤੇ ਜਮਾਤ ਵਿੱਚ ਚੱਮਚ, ਪਲੇਟ, ਭਾਡੇ, ਡੱਬੇ ਅਤੇ ਪੈਨ ਲਿਆਉਂਦਾ ਹੈ। ਭਾਸ਼ਾ ਦੇ ਅਧਿਆਪਨ ਵਿੱਚ ਇਨ੍ਹਾਂ ਵਸਤਾ ਨੂੰ ਕੀ ਕਿਹਾ ਜਾਂਦਾ ਹੈ?

(1) ਅਸਲ ਜੀਵਨ ਦੇ ਕਾਰਜ (2) ਅਧਿਆਪਨ ਸਾਮੱਗਰੀਆਂ

(3) ਰੇਲੀਆ (4) ਖਾਣਾ ਪਕਾਉਣ ਵਾਲੀਆਂ ਵਸਤਾਂ

**145.** ਹੇਠ ਲਿਖਿਆ ਵਿੱਚੋਂ ਕਿਹੜਾ ਭਾਸ਼ਾ ਸਿੱਖਿਆ ਬਾਰੇ ਰਾਸ਼ਟਰੀ ਸਿੱਖਿਆ ਨੀਤੀ 2020 ਬਾਰੇ ਸਹੀ ਨਹੀਂ ਹੈ?

(1) ਤ੍ਰੈਭਾਸ਼ੀ ਫਾਰਮੂਲੇ ਅਧੀਨ ਅੰਗਰੇਜ਼ੀ ਦਾ ਅਧਿਐਨ

(2) ਤ੍ਰੈਭਾਸ਼ੀ ਫਾਰਮੂਲੇ ਅਧੀਨ ਇੱਕ ਕਲਾਸਕੀ ਭਾਸ਼ਾ ਦਾ ਅਧਿਐਨ

(3) ਤ੍ਰੈਭਾਸ਼ੀ ਫਾਰਮੂਲੇ ਅਧੀਨ ਮਾਂ-ਬੋਲੀ/ਘਰੇਲੂ ਭਾਸ਼ਾ ਦਾ ਅਧਿਐਨ

(4) ਤ੍ਰੈਭਾਸ਼ੀ ਫਾਰਮੂਲੇ ਅਧੀਨ ਭਾਰਤੀ ਭਾਸ਼ਾਵਾਂ ਦਾ ਅਧਿਐਨ

146. ਇੱਥੇ ਇੱਕ ਸਵਾਲ ਹੈ । ਪੜ੍ਹੋ ਅਤੇ ਜਾਣੋ ਕਿ ਇਹ ਪ੍ਰਸ਼ਨ ਦੀ ਕਿਹੜੀ ਕਿਸਮ ਨਾਲ ਸੰਬੰਧਤ ਹੈ। ਛੋਟੀ ਕੁੜੀ ਬਾਰੇ ਕਹਾਣੀ ਪੜ੍ਹਦਿਆਂ ਤੁਸੀ ਮਹਿਸੂਸ ਕੀਤਾ ਕਿ ਉਹ ਪੀੜਿਤ ਹੈ ਅਤੇ ਉਸ ਕੋਲ ਮੁਸ਼ਕਿਲ ਦਾ ਸਾਹਮਣਾ ਕਰਨ ਦਾ ਹੌਸਲਾ ਹੈ। ਤੁਸੀਂ ਉਸ ਕੁੜੀ ਦੀ ਪ੍ਰਸ਼ੰਸਾਂ ਕਰਦਿਆਂ ਉਸ ਨੂੰ ਇੱਕ ਖ਼ਤ ਲਿਖਦੇ ਹੋ । ਕੋਈ 120 ਸ਼ਬਦਾ ਵਿੱਚ ਖ਼ਤ ਲਿਖੋ।

(1) ਵਿਸਤ੍ਰਿਤ ਪ੍ਰਸ਼ਨ
(2) ਵਿਆਖਿਆਤਮਕ ਪ੍ਰਸ਼ਨ
(3) ਲੰਮੇ ਪ੍ਰਸ਼ਨ-ਉੱਤਰ
(4) ਅਨੁਮਾਨਿਤ ਪ੍ਰਸ਼ਨ

147. ਇਥੇ ਇੱਕ ਅਜਿਹੀ ਸਥਿਤੀ ਹੈ, ਜਿਥੇ ਵਿਦਿਆਰਥੀਆਂ ਦੀ ਪਹੁੰਚ ਵਿਚਾਰ ਅਧੀਨ ਵਿਸ਼ੇ ਦੇ ਵਿਰੋਧੀ ਪੱਖ ਤੱਕ ਬਣਾ ਕੇ ਉਨ੍ਹਾਂ ਨੂੰ ਅੱਗੇ ਸਮਝਣ ਦੀ ਆਗਿਆ ਦਿੱਤੀ ਜਾਂਦੀ ਹੈ। ਇਸ ਪ੍ਰਕਿਰਿਆ ਨਾਲ ਸਿਖਿਆਰਥੀਆਂ ਅੰਦਰ ਦੀ ਵਿਕਸਿਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ?

(1) ਸਾਖ਼ਰਤਾ ਵਿਕਾਸ
(2) ਆਲੋਚਨਾਤਮਕ ਵਿਸ਼ਲੇਸ਼ਣ
(3) ਪ੍ਰਕਿਰਿਆ ਅਧਾਰਿਤ ਅਧਿਆਪਨ ਵਿਧੀ
(4) ਅਲੋਚਨਾਤਮਕ ਸਾਖ਼ਰਤਾ

148. 'ਟਰਾਂਸਲੈਂਗੁਏਜਿੰਗ' ਕੀ ਹੈ?

(1) ਇਹ ਕਿਸੇ ਸਕੂਲ ਵਿੱਚ ਕਿੰਨੀਆ ਭਾਸ਼ਾਵਾਂ ਪੜ੍ਹਾਈਆਂ ਜਾਣੀਆਂ ਹਨ, ਉਪਰ ਭਾਸ਼ਾ ਸਿੱਖਿਆਂ ਨੀਤੀ ਹੈ।
(2) ਭਾਸ਼ਾ ਦੇ ਅਧਿਐਨ-ਅਧਿਆਪਨ ਦੌਰਾਨ ਇਹ ਇੱਕ ਭਾਸ਼ਾ ਤੋਂ ਦੂਜੀ ਭਾਸ਼ਾ ਵੱਲ ਜਾਣ ਦਾ ਸੰਕੇਤ ਕਰਦੀ ਹੈ।
(3) ਇਹ ਅਜਿਹੀ ਸਮਝ ਦਾ ਸੰਕੇਤ ਕਰਦੀ ਹੈ, ਜੋ ਪਤਾ ਲਾਉਦੀ ਹੈ ਕਿ ਸਮੇਂ ਨਾਲ ਭਾਸ਼ਾਵਾ ਕਿਵੇਂ ਬਦਲਦੀਆਂ ਹਨ।
(4) ਇਹ ਜਮਾਤ ਦੇ ਕਮਰੇ ਵਿੱਚ ਸਾਧਨ ਵਜੋਂ ਇੱਕ ਤੋਂ ਵੱਧ ਭਾਸ਼ਾਵਾ ਦੀ ਵਰਤੋਂ ਕਰਨ ਦੀ ਇੱਕ ਅਧਿਆਪਕੀ ਪ੍ਰਕਿਰਿਆ ਹੈ।

149. ਹੇਠ ਲਿਖਿਆ ਵਿੱਚੋਂ ਕਿਹੜਾ ਬਿਆਨ ਭਾਸ਼ਾ ਸਿੱਖਿਆਂ ਬਾਰੇ ਸਹੀ ਹੈ?

(1) ਪਹਿਲੀ ਭਾਸ਼ਾ ਦੀ ਸਿੱਖਿਆ ਅਤੇ ਦੂਜੀ ਭਾਸ਼ਾ ਬਿਲਕੁੱਲ ਵੱਖ-ਵੱਖ ਹਨ।
(2) ਮੂਲਵਾਸੀ ਦਾ ਗਿਆਨ/ਪਹਿਲੀ ਭਾਸ਼ਾ ਦੂਜੀ ਭਾਸ਼ਾ ਦੀ ਸਿੱਖਿਆ ਵਿੱਚ ਰੁਕਾਵਟ ਬਣਦੀ ਹੈ।
(3) ਮੂਲਵਾਸੀ ਦਾ ਗਿਆਨ/ਪਹਿਲੀ ਭਾਸ਼ਾ ਦਾ ਦੂਜੀ ਭਾਸ਼ਾ ਦੀ ਸਿੱਖਿਆਂ ਨਾਲ ਕੋਈ ਸੰਬੰਧ ਨਹੀਂ।
(4) ਮੂਲਵਾਸੀ ਦਾ ਗਿਆਨ/ਪਹਿਲੀ ਭਾਸ਼ਾ ਦੂਜੀ ਭਾਸ਼ਾ ਦੀ ਸਿੱਖਿਆਂ ਵਿੱਚ ਮਦਦ ਕਰਦੀ ਹੈ।

150. ਕਿਹੜਾ, ਅਕਾਦਮਿਕ ਭਾਸ਼ਾ ਵਿੱਚ ਨਿਪੁੰਨਤਾ ਜਾਂ ਵੱਖ-ਵੱਖ ਖੇਤਰਾਂ ਲਈ ਭਾਸ਼ਾ ਦੀ ਲੋੜ ਦਾ ਸੰਕੇਤ ਕਰਦਾ ਹੈ?

(1) ਬੌਧਿਕ ਅਕਾਦਮਿਕ ਭਾਸ਼ਾ ਨਿਪੁੰਨਤਾ (CALP)
(2) ਅੰਤਰ-ਭਾਸ਼ਾ ਨਿਪੁੰਨਤਾ
(3) ਬੁਨਿਆਦੀ ਪਰਸਪਰ ਸੰਚਾਰਾਤਮਕ ਕੌਸ਼ਲਾ (BICS)
(4) ਸੰਚਾਰਾਤਮਕ ਭਾਸ਼ਾ ਨਿਪੁੰਨਤਾ

- o O o -

www.prepp.in

SPACE FOR ROUGH WORK

www.prepp.in

## ਹੇਠ ਲਿਖੀਆਂ ਹਿਦਾਇਤਾਂ ਧਿਆਨ ਨਾਲ ਪੜ੍ਹੋ:

1. ਵੱਖੇ-ਵੱਖਰੇ ਪ੍ਰਸ਼ਨਾ ਦੇ ਉੱਤਰ ਦੇਣ ਦੇ ਢੰਗ-ਤਰੀਕੇ ਟੈਸੱਟ ਬੁਕਲਿਟ ਵਿੱਚ ਵਿਸਤਾਰਪੂਰਵਕ ਦਿੱਤੇ ਗਏ ਹਨ। ਅਮਲੀ ਰੂਪ ਵਿੱਚ ਪ੍ਰਸ਼ਨਾ ਦੇ ਉੱਤਰ ਦੇਣ ਤੋਂ ਪਹਿਲਾਂ ਇਨ੍ਹਾਂ ਨੂੰ ਧਿਆਨ ਨਾਲ ਪੜ੍ਹੋ।
2. ਹਰੇਕ ਪ੍ਰਸ਼ਨ ਲਈ ਦਿੱਤੇ ਗਏ ਚਾਰ ਵਿਕਲਪਾਂ ਵਿੱਚੋਂ ਸਹੀ ਉੱਤਰ ਲਈ ਓ.ਐੱਮ.ਆਰ. (OMR) ਉੱਤਰ-ਪੱਤਰ ਦੇ ਪੰਨਾ-2 ਵਿੱਚ ਇੱਕ ਗੋਲੇ ਨੂੰ ਹੀ ਪੂਰੀ ਤਰ੍ਹਾਂ **ਕਾਲਾ/ਨੀਲੇ ਬਾਲ ਪੁਆਇੰਟ ਪੈੱਨ** ਨਾਲ ਭਰੋ। ਇੱਕ ਵਾਰ ਉੱਤਰ ਭਰਨ ਤੋਂ ਬਾਅਦ ਉਸਨੂੰ ਬਦਲਿਆ ਨਹੀਂ ਜਾ ਸਕਦਾ।
3. ਪਰੀਖਿਆਰਥੀ ਇਸ ਗੱਲ ਦਾ ਧਿਆਨ ਦੇਣ ਕਿ ਉੱਤਰ-ਪੱਤਰ ਨੂੰ ਨਾ ਮੋੜਿਆ ਜਾਵੇ ਅਤੇ ਨਾ ਹੀ ਉਸ ਉਪਰ ਕੋਈ ਨਿਸ਼ਾਨ ਲਗਾਇਆ ਜਾਵੇ। ਪਰੀਖਿਆਰਥੀ ਆਪਣਾ ਰੋਲ ਨੰਬਰ ਉੱਤਰ-ਪੱਤਰ ਵਿੱਚ ਨਿਰਧਾਰਿਤ ਥਾਂ ਤੋਂ ਇਲਾਵਾ ਕਿਤੇ ਨਾ ਲਿਖਣ।
4. ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੀ ਵਰਤੋਂ ਧਿਆਨ ਨਾਲ ਕਰੋ, ਕਿਉਂਕਿ ਕਿਸੀ ਵੀ ਪਰਿਸਥਿਤੀ ਵਿੱਚ (ਕੇਵਲ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੇ ਕੋਡ ਅਤੇ ਨੰਬਰ ਵਿੱਚ ਫ਼ਰਕ ਹੋਣ ਦੀ ਸਥਿਤੀ ਵਿੱਚ) ਦੂਜੀ ਪਰੀਖਿਆ-ਪੁਸਤਿਕਾ ਨਹੀਂ ਦਿੱਤੀ ਜਾਵੇਗੀ।
5. ਪਰੀਖਿਆ-ਪੁਸਤਿਕਾ/ਉੱਤਰ-ਪੱਤਰ ਵਿੱਚ ਦਿੱਤੇ ਗਏ ਪਰੀਖਿਆ ਪੁਸਤਿਕਾ-ਸੰਕੇਤ ਅਤੇ ਨਬੰਰ ਨੂੰ ਪਰੀਖਿਆਰਥੀ ਸਹੀ ਤਰੀਕੇ ਨਾਲ ਹਾਜਰੀ-ਪੱਤਰ (Attendance Sheet) ਵਿੱਚ ਲਿਖਣ।
6. ਮਸ਼ੀਨ OMR ਸ਼ੀਟ ਵਿੱਚ ਦਿੱਤੀ ਗਈ ਸੂਚਨਾ ਦੇ ਕੋਡਾਂ ਨੂੰ ਪੜ੍ਹੇਗੀ। ਇਸ ਲਈ ਕੋਈ ਜਾਣਕਾਰੀ ਅਧੂਰੀ ਨਹੀਂ ਰਹਿਣੀ ਚਾਹੀਦੀ। ਇਹ ਐਡਮਿਟ ਕਾਰਡ (ਦਾਖ਼ਲਾ ਕਾਰਡ) ਵਿੱਚ ਦਿੱਤੀ ਗਈ ਸੂਚਨਾ ਤੋਂ ਭਿੰਨ ਨਹੀ ਹੋਣੀ ਚਾਹੀਦੀ ।
7. ਪਰੀਖਿਆਰਥੀ ਦੁਆਰਾ ਪਰੀਖਿਆ ਹਾਲ/ਕਮਰੇ ਵਿੱਚ ਪ੍ਰਵੇਸ਼ ਕਾਰਡ ਤੋਂ ਇਲਾਵਾ ਕਿਸੀ ਪ੍ਰਕਾਰ ਦੀ ਪਾਠ-ਸਮੱਗਰੀ, ਪ੍ਰਿੰਟਿਡ ਜਾਂ ਹੱਥ ਲਿਖਤ, ਕਾਗਜ਼ ਦੀਆਂ ਪਰਚੀਆਂ, ਪੇਜਰ, ਮੋਬਾਇਲ ਫੋਨ, ਇਲੈਕਟ੍ਰਾਨਿਕ ਯੰਤਰ ਜਾਂ ਕਿਸੀ ਹੋਰ ਪ੍ਰਕਾਰ ਦੀ ਸਮੱਗਰੀ ਨੂੰ ਲਿਜਾਣ ਦੀ ਜਾਂ ਵਰਤਣ ਦੀ ਇਜਾਜ਼ਤ ਨਹੀਂ ਹੈ।
8. ਮੋਬਾਈਲ ਫ਼ੋਨ, ਬਿਨਾ ਤਾਰ ਵਾਲੇ ਸੰਚਾਰ ਜੰਤਰ ਇਥੋਂ ਤਕ ਕਿ ਬੰਦ ਹਾਲਤ ਵਿਚ ਵੀ। ਤੇ ਹੋਰ ਪਾਬੰਦੀਸ਼ੁਦਾ ਵਸਤਾਂ ਪ੍ਰੀਖਿਆ ਕੇਂਦਰ ਜਾਂ ਕਮਰਿਆਂ ਵਿਚ ਨਹੀਂ ਲਿਆਉਣੀਆਂ ਚਾਹੀਦੀਆਂ। ਇਸ ਨਿਰਦੇਸ ਦਾ ਪਾਲਣ ਨਾ ਕਰਨ ਦੀ ਸੂਰਤ ਵਿੱਚ ਇਸ ਨੂੰ ਇਮਿਤਿਹਾਨ ਵਿੱਚ ਗੈਰ ਕਾਨੂੰਨੀ ਸਾਧਨਾਂ ਦੀ ਵਰਤੋਂ ਮੰਨਿਆ ਜਾਵੇਗਾ ਤੇ ਪ੍ਰੀਖਿਆਂ ਰਦ ਕਰਨ ਸਮੇਤ ਸੰਬੰਧਤ ਉਮੀਦਵਾਰ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ।
9. ਨਿਰੀਖਿਅਕ ਦੀ ਮੰਗ 'ਤੇ ਹਰੇਕ ਪਰੀਖਿਆਰਥੀ ਆਪਣਾ ਪ੍ਰਵੇਸ਼-ਕਾਰਡ ਜ਼ਰੂਰ ਦਿਖਾਏ।
10. ਕੇਂਦਰ ਸੁਪਰਿਨਟੈਂਡੈਂਟ ਜਾਂ ਨਿਰੀਖਿਅਕ ਦੀ ਖਾਸ ਇਜਾਜ਼ਤ ਤੋਂ ਬਿਨਾਂ ਪਰੀਖਿਆਰਥੀ ਆਪਣੀ ਸੀਟ ਨਾ ਛੱਡੋ।
11. ਨਿਰੀਖਿਅਕ ਨੂੰ ਆਪਣਾ ਉੱਤਰ-ਪੱਤਰ ਦਿੱਤੇ ਬਿਨਾਂ ਅਤੇ ਹਾਜ਼ਰੀ-ਪੱਤਰ ਉੱਤੇ ਦੁਬਾਰਾ ਦਸਖ਼ਤ ਕੀਤੇ ਬਿਨਾਂ ਪਰੀਖਿਆਰਥੀ, ਪਰੀਖਿਆ ਹਾਲ ਨੂੰ ਨਹੀਂ ਛੱਡਣਗੇ । ਜੇਕਰ ਕਿਸੀ ਪਰੀਖਿਆਰਥੀ ਨੇ ਦੂਜੀ ਬਾਰ ਹਾਜ਼ਰੀ-ਪੱਤਰ ਉੱਤੇ ਦਸ਼ਖ਼ਤ ਨਹੀਂ ਕੀਤੇ ਤਾਂ ਇਹ ਸਮਝਿਆ ਜਾਵੇਗਾ ਕਿ ਉਸਨੇ ਉੱਤਰ-ਪੱਤਰ ਜਮ੍ਹਾਂ ਨਹੀਂ ਕਰਾਇਆ ਅਤੇ ਇਹ ਅਨੁਚਿਤ ਸਾਧਨ ਦਾ ਮਾਮਲਾ ਮੰਨਿਆ ਜਾਵੇਗਾ। **ਪਰੀਖਿਆਰਥੀ ਆਪਣੇ ਖੱਬੇ ਹੱਥ ਦਾ ਅੰਗੂਠਾ ਦਾ ਨਿਸ਼ਾਨ ਹਾਜ਼ਰੀ-ਪੱਤਰ ਵਿੱਚ ਦਿੱਤੇ ਗਏ ਸਥਾਨ ਦੇ ਅਵਸ਼ਕ ਲਗਾਉਣ।**
12. ਇਲੈਕਟ੍ਰਾਨਿਕ/ਹੱਥ ਨਾਲ ਚੱਲਣ ਵਾਲੇ ਕੈਲਕੂਲੇਟਰ (Calculator) ਦਾ ਇਸਤੇਮਾਲ ਵਰਜਿਤ ਹੈ।
13. ਪਰੀਖਿਆਰਥੀ ਪਰੀਖਿਆ ਹਾਲ ਵਿੱਚ ਬੋਰਡ ਦੇ ਸਾਰੇ ਨਿਯਮਾਂ, ਕਾਨੂੰਨਾ ਦੀ ਪਾਲਨਾ ਕਰੇਗਾ । ਅਨੁਚਿਤ ਸਾਧਨਾਂ ਦੇ ਸਾਰੇ ਮਾਮਲਿਆਂ ਲਈ ਫੈਸਲਾ ਬੋਰਡ ਦੇ ਨਿਯਮਾਂ ਕਾਨੂੰਨਾ ਅਨੁਸਾਰ ਹੋਵੇਗਾ।
14. ਕਿਸੇ ਵੀ ਸਥਿਤੀ ਵਿੱਚ ਪਰੀਖਿਆ-ਪੁਸਤਿਕਾ ਅਤੇ ਓੱਤਰ-ਪੱਤਰ ਦਾ ਕੋਈ ਭਾਗ ਅਲਗ ਨਾ ਕਰੋ।
15. **ਪਰੀਖਿਆ ਖ਼ਤਮ ਹੋਣ 'ਤੇ, ਪਰੀਖਿਆਰਥੀ ਹਾਲ/ਕਮਰਾ ਛੱਡਣ ਤੋਂ ਪਹਿਲਾਂ ਆਪਣਾ ਉੱਤਰ-ਪੱਤਰ ਆਪਣੇ ਕਮਰੇ ਦੇ ਨਿਰੀਖਿਅਕ ਨੂੰ ਸੌਂਪੇਗਾ। ਪਰੀਖਿਆਰਥੀ ਇਸ ਪਰੀਖਿਆ-ਪੁਸਤਿਕਾ ਨੂੰ ਆਪਣੇ ਨਾਲ ਲਿਜਾ ਸਕਦੇ ਹਨ।**

## निम्नलिखित निर्देशों को ध्यान से पढ़ें :

1. जिस प्रकार से विभिन्न प्रश्नों के उत्तर दिए जाने हैं उसका वर्णन परीक्षा पुस्तिका में किया गया है, जिसे आप प्रश्नों का उत्तर देने से पहले ध्यान से पढ़ लें।
2. प्रत्येक प्रश्न के लिए दिए गए चार विकल्पों में से सही उत्तर के लिए OMR उत्तर पत्र के **पृष्ठ-2** पर केवल एक वृत्त को ही पूरी तरह **नीले/काले बॉल पॉइन्ट पेन** से भरें। एक बार उत्तर अंकित करने के बाद उसे बदला नहीं जा सकता है।
3. परीक्षार्थी सुनिश्चित करें कि इस उत्तर पत्र को मोड़ा न जाए एवं उस पर कोई अन्य निशान न लगाएँ। परीक्षार्थी अपना अनुक्रमांक उत्तर-पत्र में निर्धारित स्थान के अतिरिक्त अन्यत्र न लिखें।
4. परीक्षा पुस्तिका एवं उत्तर पत्र का ध्यानपूर्वक प्रयोग करें, क्योंकि किसी भी परिस्थिति में (केवल परीक्षा पुस्तिका एवं उत्तर पत्र के कोड या संख्या में भिन्नता की स्थिति को छोड़कर) दूसरी परीक्षा पुस्तिका उपलब्ध नहीं करायी जाएगी।
5. परीक्षा पुस्तिका/उत्तर पत्र में दिए गए परीक्षा पुस्तिका कोड व संख्या को परीक्षार्थी सही तरीके से उपस्थिति-पत्र में लिखें।
6. OMR उत्तर पत्र में कोडित जानकारी को एक मशीन पढ़ेगी। इसलिए कोई भी सूचना अधूरी न छोड़ें और यह प्रवेश-पत्र में दी गई सूचना से भिन्न नहीं होनी चाहिए।
7. परीक्षार्थी द्वारा परीक्षा हॉल/कक्ष में प्रवेश-पत्र के सिवाय किसी प्रकार की पाठ्य-सामग्री, मुद्रित या हस्तलिखित, कागज़ की पर्चियाँ, पेजर, मोबाइल फोन, इलेक्ट्रॉनिक उपकरण या किसी अन्य प्रकार की सामग्री को ले जाने या उपयोग करने की अनुमति नहीं है।
8. मोबाइल फोन, बेतार संचार युक्तियाँ (स्विच ऑफ अवस्था में भी) और अन्य प्रतिबंधित वस्तुएँ परीक्षा हॉल/कक्ष में नहीं लाई जानी चाहिए। इस सूचना का पालन न होने पर इसे परीक्षा में अनुचित साधनों का प्रयोग माना जाएगा और परीक्षार्थी विरुद्ध कार्यवाही की जाएगी, परीक्षा रद्द करने सहित।
9. पूछे जाने पर प्रत्येक परीक्षार्थी, निरीक्षक को अपना प्रवेश-पत्र दिखाएँ।
10. केन्द्र अधीक्षक या निरीक्षक की विशेष अनुमति के बिना कोई परीक्षार्थी अपना स्थान न छोड़ें।
11. कार्यरत निरीक्षक को अपना उत्तर पत्र दिए बिना एवं उपस्थिति-पत्र पर दुबारा हस्ताक्षर किए बिना परीक्षार्थी परीक्षा हॉल/कक्ष नहीं छोड़ेंगे। यदि किसी परीक्षार्थी ने दूसरी बार उपस्थिति-पत्र पर हस्ताक्षर नहीं किए, तो यह माना जाएगा कि उसने उत्तर पत्र नहीं लौटाया है और यह अनुचित साधन का मामला माना जाएगा। **परीक्षार्थी अपने बाएँ हाथ के अंगूठे का निशान उपस्थिति-पत्र में दिए गए स्थान पर अवश्य लगाएँ।**
12. इलेक्ट्रॉनिक/हस्तचालित परिकलक का उपयोग वर्जित है।
13. परीक्षा हॉल/कक्ष में आचरण के लिए परीक्षार्थी परीक्षण संस्था के सभी नियमों एवं विनियमों द्वारा नियमित हैं। अनुचित साधनों के सभी मामलों का फैसला परीक्षण संस्था के नियमों एवं विनियमों के अनुसार होगा।
14. किसी भी परिस्थिति में परीक्षा पुस्तिका और उत्तर पत्र का कोई भाग अलग न करें।
15. **परीक्षा सम्पन्न होने पर, परीक्षार्थी हॉल/कक्ष छोड़ने से पूर्व उत्तर पत्र निरीक्षक को अवश्य सौंप दें।** ***परीक्षार्थी अपने साथ इस परीक्षा पुस्तिका को ले जा सकते हैं।***

## READ THE FOLLOWING INSTRUCTIONS CAREFULLY :

1. The manner in which the different questions are to be answered has been explained in the Test Booklet which you should read carefully before actually answering the questions.
2. Out of the four alternatives for each question, only one circle for the correct answer is to be darkened completely with **Blue / Black Ball Point Pen** on **Side-2** of the OMR Answer Sheet. The answer once marked is not liable to be changed.
3. The candidates should ensure that the Answer Sheet is not folded. Do not make any stray marks on the Answer Sheet. Do not write your Roll No. anywhere else except in the specified space in the Answer Sheet.
4. Handle the Test Booklet and Answer Sheet with care, as under no circumstances (except for discrepancy in Test Booklet Code or Number and Answer Sheet Code or Number), another set will be provided.
5. The candidates will write the correct Test Booklet Code and Number as given in the Test Booklet/Answer Sheet in the Attendance Sheet.
6. A machine will read the coded information in the OMR Answer Sheet. Hence, no information should be left incomplete and it should not be different from the information given in the Admit Card.
7. Candidates are not allowed to carry any textual material, printed or written, bits of papers, pager, mobile phone, electronic device or any other material except the Admit Card inside the examination hall/room.
8. Mobile phones, wireless communication devices (even in switched off mode) and the other banned items should not be brought in the examination halls/rooms. Failing to comply with this instruction, it will be considered as using unfair means in the examination and action will be taken against the candidate including cancellation of examination.
9. Each candidate must show on demand his/her Admit Card to the Invigilator.
10. No candidate, without special permission of the Centre Superintendent or Invigilator, should leave his/her seat.
11. The candidates should not leave the Examination Hall/Room without handing over their Answer Sheet to the Invigilator on duty and sign the Attendance Sheet twice. Cases where candidate has not signed the Attendance Sheet second time will be deemed not to have handed over the Answer Sheet and dealt with as an unfair means case. **The candidates are also required to put their left hand THUMB impression in the space provided in the Attendance Sheet.**
12. Use of Electronic/Manual Calculator is prohibited.
13. The candidates are governed by all Rules and Regulations of the Examining Body with regard to their conduct in the Examination Hall/Room. All cases of unfair means will be dealt with as per Rules and Regulations of the Examining Body.
14. No part of the Test Booklet and Answer Sheet shall be detached under any circumstances.
15. **On completion of the test, the candidate must hand over the Answer Sheet to the Invigilator in the Hall / Room.** ***The candidates are allowed to take away this Test Booklet with them.***